# ਰੇਡੀਓ ਲੜੀਵਾਰ:ਜਲਵਾਯੂ ਬਦਲਾਅ - ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ 30 ਜਲਵਾਯੂ ਬਦਲਾਅ ਦਾ ਮੁਕਾਬਲਾ-ਖਾਕਾ ਤੇ ਸ੍ਰੋਤ

**(Tackling Climate Change – Blue Print and Fountain Head)**

ਮੂਲ ਖੋਜ ਤੇ ਲੇਖਣ: ਡਾ. ਮਾਨਸ ਪ੍ਰੀਤਮ ਦਾਸ

ਪੰਜਾਬੀ ਰੁਪਾਂਤਰ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(In this episode, we discuss the Norms, Conventions and Institutions to cope with Climate Change. We shall listen to a discussion between two passengers in an intercontinental flight. One of them Neeraj is a hardened businessman. His thoughts are occupied by his immediate business requirements. Parminder, the other participant in the discussion, is on his way to join his dream job that is essentially concerned with software development but focuses on climate change as well. He takes on the responsibility of informing Neeraj about the worldwide measures being adopted and implemented to tackle climate change. In the process he shares valuable information about the concerned institutions and the conventions.)

(ਇਸ ਕੜੀ ਵਿਚ ਅਸੀਂ ਜਲਵਾਯੂ ਬਦਲਾਅ ਨਾਲ ਨਿਪਟਣ ਨਾਲ ਸਬੰਧਤ ਰਵਾਇਤਾਂ, ਨਿਯਮਾਂ, ਸਮੇਲਨਾਂ ਅਤੇ ਸੰਸਥਾਵਾਂ ਬਾਰੇ ਚਰਚਾ ਕਰਾਂਗੇ। ਇਕ ਮਹਾਂਦੀਪ ਤੋਂ ਉਡਾਣ ਭਰ ਕੇ ਦੂਜੇ ਮਹਾਂਦੀਪ ਜਾ ਰਹੇ ਹਵਾਈ ਜਹਾਜ਼ ਵਿਚ ਬੈਠੇ ਦੋ ਹਵਾਈ ਯਾਤਰੀਆਂ ਦੀ ਆਪਸੀ ਗੱਲਬਾਤ ਵੀ ਅਸੀਂ ਸੁਣਾਂਗੇ। ਇਕ ਮੁਸਾਫਰ ਹੈ, ਨੀਰਜ ਜੋ ਇੱਕ ਤਕੜਾ ਵਪਾਰੀ ਹੈ। ਉਸ ਨੂੰ ਕੇਵਲ ਆਪਣੇ ਵਪਾਰਕ ਹਿੱਤਾਂ ਦੀ ਹੀ ਪਰਵਾਹ ਹੈ। ਦੂਜਾ ਯਾਤਰੀ, ਪਰਮਿੰਦਰ, ਆਪਣੀ ਸੁਪਨਮਈ ਨੌਕਰੀ ਜੁਆਇਨ ਕਰਨ ਜਾ ਰਿਹਾ ਹੈ ਜੋ ਸਾਫਟਵੇਅਰ ਵਿਕਸਿਤ ਕਰਨ ਨਾਲ ਜੁੜੀ ਹੋਈ ਹੈ ਪਰ ਉਹ ਜਲਵਾਯੂ-ਤਬਦੀਲੀ ਵੱਲ ਵੀ ਧਿਆਨ ਦਿੰਦਾ ਹੈ। ਉਹ ਨੀਰਜ ਨੂੰ ਦੱਸਣਾ ਚਾਹੁੰਦਾ ਹੈ ਕਿ ਜਲਵਾਯੂ-ਬਦਲਾਅ ਦਾ ਮੁਕਾਬਲਾ ਕਰਨ ਲਈ ਸੰਸਾਰ ਭਰ ਵਿਚ ਕੀ-ਕੀ ਉਪਰਾਲੇ ਕੀਤੇ ਅਤੇ ਲਾਗੂ ਹੋ ਰਹੇ ਹਨ। ਇਸ ਕੋਸ਼ਿਸ਼ ਦੌਰਾਨ ਉਹ ਸਬੰਧਤ ਸੰਸਥਾਵਾਂ ਅਤੇ ਸਮੇਲਨਾਂ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਦਾ ਹੈ)

### ਪਾਤਰ

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

**ਹਵਾਈ ਜਹਾਜ ਦੀ ਹੋਸਟੈਸ**

**ਨੀਰਜ: ਇੱਕ ਤਕੜਾ ਵਪਾਰੀ ਕਾਰੋਬਾਰੀ**

**ਪਰਮਿੰਦਰ: ਇੱਕ ਸਾਫਟਵੇਅਰ ਇੰਜੀਨੀਅਰ**

**ਜਿਗਲਡ : ਇੱਕ ਸਹਿ ਯਾਤਰੀ ਜਲਵਾਯੂ ਪ੍ਰੇਮੀ**

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

**ਸੰਗੀਤ**......

**ਐਲਾਨ** : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ ਦੇ** ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਤੀਹਵੀਂ ਕੜੀ "ਜਲਵਾਯੂ ਬਦਲਾਅ ਦਾ ਮੁਕਾਬਲਾ-ਖਾਕਾ ਤੇ ਸ੍ਰੋਤ"** !

**(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ** : ਹਾਂ ਜੀ। ਪਿਆਰੇ ਸ੍ਰੋਤਿਓ ...ਸੁਆਗਤ ਹੈ ਤੁਹਾਡਾ ਸਭ ਦਾ ਅੱਜ ਦੇ **"ਜਲਵਾਯੂ ਬਦਲਾਅ ਦੀ ਵਿਗਿਆਨ"** ਦੇ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ **ਤੀਹਵੀਂ** ਕੜੀ ਵਿੱਚ।

**ਮਰਦ ਸੂਤਰਧਾਰ** : ਹਾਂ! ਇਸ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਪਿਛਲੀ ਕੜੀ, 'ਚਰਚਾ-ਆਪਸੀ ਵਾਰਤਾਲਾਪ' ਵਿੱਚ ਕੀਤੀ ਸੀ ਅਸੀਂ ਚਰਚਾ ਤੇ ਸੁਣਾਇਆ ਸੀ ਸਾਰ ਉਨ੍ਹਾਂ ਕਹਾਣੀਆਂ ਤੇ ਸਪਸ਼ਟੀਕਰਨਾਂ ਦਾ ਜਿਹੜੇ ਪੇਸ਼ ਕੀਤੇ ਸਨ ਅਸੀਂ ਇਸ ਲੜੀਵਾਰ ਦੀਆਂ 20 ਤੋਂ 29 ਤੱਕ ਕੜੀਆਂ ਵਿੱਚ !

**ਔਰਤ ਸੂਤਰਧਾਰ** : ਹਾਂ ਜੀ! ਹੋਈ ਸੀ ਚਰਚਾ ਉਨ੍ਹਾਂ ਮੁੱਦਿਆਂ 'ਤੇ, ਜੁੜੇ ਨੇ ਜਿਹੜੇ ਸਾਡੇ ਰੋਜਾਨਾ ਜੀਵਣ ਦੇ ਨਾਲ ਅਤੇ ਹੁੰਦੇ ਨੇ ਪ੍ਰਭਾਵਤ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ 'ਤੋਂ !

**ਮਰਦ ਸੂਤਰਧਾਰ**: ਉਥੇ ਤਾਂ ਗੱਲ ਇਹ ਵੀ ਹੋਈ ਸੀ ਕਿ ਇਸ ਬਦਲਦੇ ਤਾਪਮਾਨ ਦੀ ਅਲਮੀ ਤਪਸ਼ ਦੇ ਅਤੇ ਬਦਲਦੇ ਜਲਵਾਯੂ ਦੇ ਨੁਕਸਾਨ ਜੋ ਹੁੰਦੇ ਨੇ ਸਾਡੇ ਜੀਵਣ ਵਿੱਚ ਉਹ ਨੇ ਬਹੁ ਪੱਖੀ ਤੇ ਬਹੁ ਪਰਤੀ ਵੀ !

**ਔਰਤ ਸੂਤਰਧਾਰ** : ਸੁਣੇ ਸਨ ਅਸੀਂ ਕਿੱਸੇ ਕਿ ਕਿਵੇਂ ਆਲਮੀ ਤਪਸ਼ ਦੇ ਕਾਰਨ ਪਿਘਲ ਰਹੇ ਨੇ ਗਲੇਸ਼ੀਅਰ ਅਤੇ ਚੜ੍ਹ ਰਿਹਾ ਹੈ ਜਲ ਪੱਧਰ ਸਮੁੰਦਰਾਂ ਦਾ, ਦੇ ਦਿੰਦਾ ਹੈ ਜੋ ਜਲ ਸਮਾਧੀ ਬਹੁਤ ਸਾਰੇ ਟਾਪੂਆਂ ਨੂੰ ਤੇ ਤਟਵਰਤੀ ਪਿੰਡਾਂ, ਕਸਬਿਆਂ, ਸ਼ਹਿਰਾਂ ਤੇ ਮਹਾਂ ਨਗਰਾਂ ਨੂੰ !

**ਮਰਦ ਸੂਤਰਧਾਰ** : ਸੁਣਾਈ ਸੀ ਕਹਾਣੀ ਕਿ ਇਸ ਚੜ੍ਹਦੇ ਸਮੁੰਦਰ ਨਾਲ ਤਬਾਹ ਹੋ ਜਾਂਦੀ ਹੈ ਜਲ ਜੀਵਣ ਦੀ ਜੈਵਿਕ ਭਿੰਨਤਾ ਵੀ! ਹੋ ਜਾਂਦਾ ਹੈ ਅਸਤ ਵਿਅਸਤ ਸਮੁੰਦਰੀ ਪਰਿਆਵਰਣੀ ਪ੍ਰਨਾਲੀ ਦਾ ਸਾਰਾ ਤਾਣਾ ਬਾਣਾ ਹੀ !

**ਔਰਤ ਸੂਤਰਧਾਰ** : ਹੋਈ ਸੀ ਗੱਲ ਕਿ ਗਲੇਸ਼ੀਅਰਾਂ ਦੇ ਪਿਘਲਣ ਤੋਂ ਬਾਅਦ ਸਾਡੇ ਦਰਿਆਵਾਂ ਦੇ ਤਾਜੇ ਪਾਣੀ ਦੇ ਉਹ ਸੋਮੇ ਜਾਂਦੇ ਨੇ ਮੁੱਕ ਅਤੇ ਦਰਿਆਵਾਂ ਵਿੱਚ ਪਾਣੀ ਘਟਣ ਕਾਰਨ ਪੈਦਾ ਹੋ ਜਾਂਦੀ ਹੈ ਵੱਡੀ ਥੁੜ ਪੀਣ ਵਾਲੇ ਤੇ ਸਿੰਚਾਈ ਵਾਲੇ ਪਾਣੀ ਦੀ !

**ਮਰਦ ਸੂਤਰਧਾਰ :** ਹੋਈ ਸੀ ਚਰਚਾ ਕਿ ਵਰਖਾ ਦਾ ਮਿਜਾਜ ਬਦਲਣ ਕਾਰਨ ਤੇ ਬਹੁਤੀ ਤਪਸ਼ ਕਾਰਨ ਘੱਟ ਜਾਂਦਾ ਹੈ ਝਾੜ ਫਸਲਾਂ ਦਾ ਅਤੇ ਪੈਦਾ ਹੋ ਜਾਂਦੀ ਹੈ ਭੋਜਨ ਦੀ ਸਮੱਸਿਆ !

**ਔਰਤ ਸੂਤਰਧਾਰ :** ਸੁਣਾਈ ਸੀ ਕਹਾਣੀ ਕਿ ਕਿਵੇਂ ਭੋਜਨ ਘਟਣ ਕਾਰਨ ਕੀਮਤਾਂ ਤੇ ਜਖੀਰੇਬਾਜੀ ਜਾਂਦੀ ਹੈ ਵਧ ਅਤੇ ਭੋਜਨ ਖ੍ਰੀਦਣਾ ਹੋ ਜਾਂਦਾ ਹੈ ਵਿਤੋਂ ਬਾਹਰ ਕਰੋੜਾਂ ਗਰੀਬਾਂ ਦੇ ਤੇ ਹੋ ਜਾਂਦੇ ਨੇ ਉਹ ਭੁੱਖਮਰੀ ਦਾ ਸ਼ਿਕਾਰ!

**ਮਰਦ ਸੂਤਰਧਾਰ :** ਸੁਣ ਲਿਆ ਸੀ ਤੁਸੀਂ ਸੱਚ ਕਿ ਘਟ ਜਾਂਦੀ ਹੈ ਭੋਜਨ ਦੀ ਪੋਸ਼ਣ ਸਮਰੱਥਾ ਵੀ ਤੇ ਹੋ ਜਾਂਦੇ ਨੇ ਬੱਚੇ , ਬਜੁਰਗ ਤੇ ਔਰਤਾਂ ਕੁਪੋਸ਼ਣ ਦਾ ਸ਼ਿਕਾਰ ! ਕੁਪੋਸ਼ਣ ਕਾਰਣ ਪੈਦਾ ਹੋ ਜਾਂਦੀਆਂ ਨੇ ਕੁਪੋਸ਼ਣ ਵਾਲੀਆਂ ਬਿਮਾਰੀਆਂ ਤੇ ਵਧ ਜਾਂਦੀ ਹੈ ਮੌਤ ਦਰ ਵੀ !

**ਔਰਤ ਸੂਤਰਧਾਰ :** ਸੁਣ ਲਈ ਸੀ ਤੁਸੀਂ ਕਹਾਣੀ ਸੋਕਿਆਂ ਦੀ, ਹੜ੍ਹਾਂ ਦੀ ਤੇ ਤੂਫਾਨਾਂ ਦੀ, ਨਤੀਜਾ ਹੁੰਦੇ ਨੇ ਜਿਹੜੇ ਇਸ ਆਲਮੀ ਤਪਸ਼ ਅਤੇ ਜਲਵਾਯੂ ਬਦਲਾਅ ਦਾ!

**ਮਰਦ ਸੂਤਰਧਾਰ :** ਹੋਈ ਸੀ ਗੱਲ ਆਲਮੀ ਤਪਸ਼ ਅਤੇ ਸਿੱਲ੍ਹ ਕਾਰਨ ਪੈਦਾ ਹੁੰਦੇ ਕੀਟ ਪਤੰਗਾਂ ਦੀ, ਉਨ੍ਹਾਂ ਦੀ ਨਫਰੀ ਦੀ ਤੇ ਉਨ੍ਹਾਂ ਵੱਲੋਂ ਫੈਲਾਈਆਂ ਜਾਂਦੀਆਂ ਟੱਟੀਆਂ , ਉਲਟੀਆਂ, ਹੈਜਾ, ਮਲੇਰੀਆ, ਟਾਈਫਾਈਡ ਤੇ ਪੀਲੀਏ ਵਰਗੀਆਂ ਬਿਮਾਰੀਆਂ ਦੀ !

**ਔਰਤ ਸੂਤਰਧਾਰ :** ਹਾਂ ਜੀ ਹੋਈ ਸੀ ਚਰਚਾ ਵੱਡੇ ਪੱਧਰ 'ਤੇ ਉਜਾੜੇ ਦੀ ਅਤੇ ਉਸ ਉਜਾੜੇ ਦੇ ਸਮਾਜਿਕ , ਆਰਥਿਕ ਤੇ ਪਰਿਆਵਰਣੀ ਪ੍ਰਭਾਵਾਂ ਦੀ ਵੀ !

**ਮਰਦ ਸੂਤਰਧਾਰ :** ਦੂਰ ਕਰਨ ਵਾਸਤੇ ਸ਼ੰਕੇ ਜਿਹੜੇ ਉੱਠੇ ਸਨ ਸਾਡੇ ਮਨਾਂ ਦੇ ਅੰਦਰ, ਪਿਛਲੀਆਂ ਨੌਂ ਕੜੀਆਂ ਦੀਆਂ ਕਹਾਣੀਆਂ ਸੁਣਨ ਤੋਂ ਬਾਅਦ, ਕੀਤੇ ਸਨ ਅਸੀਂ ਯਤਨ !

**ਔਰਤ ਸੂਤਰਧਾਰ :** ਚਰਚਾ ਨਾਮੀ ਇਸ ਕੜੀ ਵਿੱਚ ਅਸੀਂ ਛੋਹੇ ਸਨ ਕਈ ਨੁਕਤੇ! ਵੱਖ ਵੱਖ ਨੁਕਤਿਆਂ 'ਤੇ ਪੇਸ਼ ਕੀਤੇ ਸਨ ਜਵਾਬ... ਬਹੁਤ ਸਾਰੇ ਪ੍ਰਸ਼ਨਾਂ ਦੇ!

**ਮਰਦ ਸੂਤਰਧਾਰ :** ਦੋਸਤੋ ਰੇਡੀਓ ਲੜੀਵਾਰ ਦੀ ਇਸ ਕੜੀ ਵਿੱਚ ਅੱਜ ਅਸੀਂ ਬਿਆਨ ਕਰਾਂਗੇ ਕਹਾਣੀ ਉਨ੍ਹਾਂ ਕਦਮਾਂ ਦੀ ਚੁੱਕੇ ਜਾ ਰਹੇ ਨੇ ਜਿਹੜੇ ਜਲਵਾਯੂ ਬਦਲਾਅ ਦੀ ਰੋਕ ਥਾਮ ਦੇ ਲਈ ! ਪੇਸ਼ ਕਰਾਂਗੇ ਉਹ ਖਾਕਾ ਤੇ ਦੱਸਾਂਗੇ ਉਹ ਸ੍ਰੋਤ ਜਿਹੜੇ ਨੇ ਇਸ ਮੁਕਾਬਲੇ ਦਾ ਧੁਰਾ !

**ਔਰਤ ਸੂਤਰਾਧਾਰ :** ਲਓ ਸੁਣੋ ਇਸ ਨਵੇਂ ਲੜੀਵਾਰ **'ਕਿਉਂ ਬਦਲ ਰਹੀ ਹੈਂ ਫਿਜ਼ਾਏਂ'** ਦੀ ਤੀਹਵੀਂ ਕੜੀ **"ਜਲਵਾਯੂ ਬਦਲਾਅ ਦਾ ਮੁਕਾਬਲਾ-ਖਾਕਾ ਤੇ ਸ੍ਰੋਤ"** ਲਓ! ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

......**ਲੜੀਵਾਰ ਦੀ ਧੁਨ**......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪਹਿਲਾ**......

**(ਦ੍ਰਿਸ਼ ਬਦਲਾਅ ਸੰਗੀਤ ...........................ਮੱਧਮ ਪੈਂਦਾ ਹੈ)**

(ਇਕ ਅੰਤਰਰਾਸ਼ਟਰੀ ਉਡਾਣ ਦੇ ਕੈਬਿਨ ਦੇ ਅੰਦਰਲਾ ਸੀਨ। ਯਾਤਰੀ ਚੜ੍ਹ ਰਹੇ ਹਨ ਅਤੇ ਆਪੋ-ਆਪਣੀਆਂ ਸੀਟਾਂ ਲੱਭ ਰਹੇ

ਹਨ। ਕੈਬਿਨ ਕਰਿਊ ਉਨ੍ਹਾਂ ਦੀ ਮਦਦ ਕਰ ਰਿਹਾ ਹੈ। ਆਪਸੀ ਗੱਲਬਾਤ ਦੀਆਂ ਧੀਮੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਹਨ। ਇਕ ਲੰਬਾ ਆਦਮੀ, ਨੀਰਜ ਮਿਸ਼ਰਾ, ਉਮਰ ਕਰੀਬ 55 ਸਾਲ, ਇਕ ਅਪਾਤਕਾਲੀਨ ਦਰਵਾਜ਼ੇ ਕੋਲ ਸੀਟ ਲੈਣ ਲਈ ਤਿਆਰ ਹੈ। ਉਹ ਆਪਣੇ ਸਾਹਮਣੇ ਖੜ੍ਹੇ ਯਾਤਰੀਆਂ ਨੂੰ ਕਹਿੰਦਾ ਹੈ, "ਕ੍ਰਿਪਾ ਕਰਕੇ ਰਾਹ ਛੱਡੋ ਜੀ। ਮੈਨੂੰ ਬੈਠਣ ਦਿਉ"! ਜਿਵੇਂ ਉਹ ਆਪਣੀ ਸੀਟ ਵੱਲ ਨੂੰ ਵਧਦਾ ਹੈ, ਏਅਰ ਹੋਸਟੈੱਸ ਉਸ ਵੱਲ ਆਉਂਦੀ ਹੈ)

**ਹੋਸਟੈਸ:** ਸਰ! ਤੁਹਾਡੀ ਸੀਟ ਐਮਰਜੈਂਸੀ ਨਿਕਾਸ ਦੇ ਬਿਲਕੁਲ ਨਾਲ ਹੈ। ਉਮੀਦ ਹੈ ਕਿ ਤੁਸੀਂ ਸਮਝਦੇ ਹੋ ਇਸ ਨਿਕਾਸ ਦੇ ਨਾਲ ਦੀ ਸੀਟ ਦਾ ਮਤਲਬ ! ਹਾਂ ਪਰ ਜੇਕਰ ਤੁਹਾਨੂੰ ਇਸ ਸੀਟ ਤੋਂ ਕੋਈ ਵੀ ਔਖ ਲੱਗਦੀ ਹੈ ਤਾਂ ਅਸੀਂ ਤੁਹਾਡੀ ਸੀਟ ਬਦਲਣ ਦੀ ਕੋਸ਼ਿਸ਼ ਕਰ ਸਕਦੇ ਹਾਂ।

**ਨੀਰਜ:** ਬਹੁਤ ਬਹੁਤ ਧੰਨਵਾਦ ! ਮੈਨੂੰ ਇਸ ਸੀਟ ਤੋਂ ਕੋਈ ਦਿੱਕਤ ਨਹੀਂ ! ਮੈਂ ਤਾਂ ਸਗੋਂ ਜ਼ਿੰਦਗੀ ਵਿੱਚ ਕਾਫੀ ਮੁਸ਼ਕਲਾਂ ਭਰੀਆਂ ਘੜੀਆਂ ਵਿੱਚ ਰਿਹਾ ਹੋਇਆ ਹਾਂ।

**ਹੋਸਟੈਸ:** ਧੰਨਵਾਦ ਸਰ ! ਸਾਰੀਆਂ ਸਵਾਰੀਆਂ ਦੇ ਬੈਠਣ ਤੋਂ ਬਾਅਦ ਮੈਂ ਐਮਰਜੈਂਸੀ ਨਿਕਾਸ ਲਈ ਕੰਮ ਆਉਣ ਵਾਲੀਆਂ ਹਦਾਇਤਾਂ ਦਾ ਐਲਾਨ ਕਰਾਂਗੀ।

**ਨੀਰਜ:** ਤੁਸੀਂ ਆਪਣਾ ਕੰਮ ਕਰਦੇ ਰਹੋ। ਮੈਂ ਪੂਰੀ ਤਰਾਂ ਠੀਕ ਹਾਂ।

**(ਹੋਸਟੈਸ ਤੇ ਜਾਣ ਤੋਂ ਬਾਦ, ਕਰੀਬ 30 ਸਾਲ ਉਮਰ ਦਾ ਇੱਕ ਜਵਾਨ ਆਦਮੀ, ਪਰਮਿੰਦਰ ਸਿੰਘ, ਨੀਰਜ ਦੇ ਨਾਲ ਦੀ ਸੀਟ ਲੈਣ ਲਈ ਅੰਦਰ ਆਉਂਦਾ ਹੈ)**

**ਪਰਮਿੰਦਰ:** **(ਬੈਠਦੇ ਹੋਏ)** ਇਹ ਕਾਫੀ ਸਹੀ ਹੈ। ਐਮਰਜੈਂਸੀ ਖਤਰੇ ਦੇ ਬਦਲੇ ਵਿੱਚ ਲੱਤਾਂ ਪਸਾਰਨ ਲਈ ਜ਼ਿਆਦਾ ਥਾਂ!

**ਨੀਰਜ:** ਸਹੀ ਕਿਹਾ। ਜੇਕਰ ਮੈਨੂੰ ਦਿੱਤੀ ਜਾਵੇ ਤਾਂ ਮੈਂ ਅਜਿਹੀ ਸੀਟ ਹੀ ਲੈਣਾ ਪਸੰਦ ਕਰਦਾ ਹਾਂ!

**ਪਰਮਿੰਦਰ:** ਮੈਂ ਵੀ ! ਮੇਰਾ ਨਾਂ ਪਰਮਿੰਦਰ ਹੈ (ਹੱਥ ਮਿਲਾਉਣ ਲਈ ਹੱਥ ਅੱਗੇ ਵਧਾਉਂਦਾ ਹੈ। ਨੀਰਜ ਹੱਥ ਮਿਲਾਉਂਦਾ ਹੈ)

**ਨੀਰਜ:** ਮੇਰਾ ਨਾ ਨੀਰਜ ਹੈ। ਤੁਸੀਂ ਦੋਹਾ ਜਾ ਰਹੇ ਹੋ ਜਾਂ ਦੋਹਾ ਤੋਂ ਅੱਗੇ ਜਾ ਰਹੇ ਹੋ?

**ਪਰਮਿੰਦਰ:** ਨਹੀਂ, ਮੈਂ ਤਾਂ ਨਿਊਯਾਰਕ ਜਾਣਾ ਹੈ ਜਿਸ ਲਈ ਅੱਗੇ ਇਕ ਹੋਰ ਜਹਾਜ਼ ਲੈਣਾ ਹੈ। ਤੁਸੀਂ?

**ਨੀਰਜ:** ਅਜੇ ਤਾਂ ਦੋਹਾ ਹੀ **(ਹੱਸਦੇ ਹੋਏ)**

**ਪਰਮਿੰਦਰ:** ਜੇ ਤੁਸੀਂ ਬੁਰਾ ਨਾ ਮੰਨੋ.. ਹੁਣੇ-ਹੁਣੇ ਮੈਂ ਤੁਹਾਨੂੰ ਇਹ ਕਹਿੰਦੇ ਹੋਏ ਸੁਣਿਆ ਸੀ ਕਿ ਤੁਸੀਂ ਕਾਫੀ ਮੁਸ਼ਕਿਲ ਸਮਿਆਂ ਦਾ ਸਾਹਮਣਾ ਕੀਤਾ ਹੋਇਆ ਹੈ। ਮੇਰੇ ਅੰਦਰ ਜਗਿਆਸਾ ਪੈਦਾ ਹੋ ਰਹੀ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਤੁਹਾਡਾ ਕਾਰੋਬਾਰ ਤੁਹਾਨੂੰ ਇੰਨ੍ਹਾਂ ਮੁਸੀਬਤਾਂ ਵਿੱਚ ਫਸਾਉਂਦਾ ਹੈ ਜਾਂ ਅਚਾਨਕ ਹੀ ਤੁਸੀਂ ਆਪਣੇ ਆਪ ਨੂੰ ਇੰਨ੍ਹਾਂ ਮੁਸੀਬਤਾਂ ਵਿੱਚ ਫਸਿਆ ਪਾਉਂਦੇ ਹੋ?

**ਨੀਰਜ:** ਹੱਸਦੇ ਹੋਏ।.... ਜਵਾਨੀ ਹਮੇਸ਼ਾ ਜਗਿਆਸੂ ਤੇ ਬੇਸਬਰੀ ਹੁੰਦੀ ਹੈ ।

**ਪਰਮਿੰਦਰ:** ਜੀ... ਮਾਫ ਕਰਨਾ.. ਮੈਨੂੰ ਇਸ ਤਰ੍ਹਾਂ ਦੇ ਪ੍ਰਸ਼ਨ ਨਹੀਂ ਸਨ ਪੁੱਛਣੇ ਚਾਹੀਦੇ!

**ਨੀਰਜ:** ਪਰਮਿੰਦਰ, ਇਸ ਵਿਚ ਮਾਫ ਕਰਨ ਵਾਲੀ ਕੋਈ ਗੱਲ ਨਹੀਂ। ਆਪਣੀ ਕਾਫੀ ਲੰਬੀ ਫਲਾਇਟ ਹੈ ਤੇ ਅਸੀਂ ਬਹੁਤ ਸਾਰੇ ਵਿਸ਼ਿਆਂ 'ਤੇ ਚਰਚਾ ਕਰ ਸਕਦੇ ਹਾਂ।

**ਹੋਸਟੈਸ:** ਕਿਰਪਾ ਕਰਕੇ ਆਪਣੀਆਂ ਸੀਟ-ਬੈਲਟਾਂ ਲਗਾ ਲਵੋ। ਅਸੀਂ ਜਲਦੀ ਹੀ ਉਡਾਣ ਭਰਨ ਵਾਲੇ ਹਾਂ।

**(ਸੀਟ-ਬੈਲਟਾਂ ਨੂੰ ਲਾਉਣ ਦੀ ਅਵਾਜ਼। ਉਡਾਣ ਤੋਂ ਪਹਿਲਾਂ ਹੋਣ ਵਾਲਾ ਐਲਾਨ ਸੁਣਦਾ ਹੈ)**

**ਐਲਾਨ:** ਯਾਤਰੀ ਕ੍ਰਿਪਾ ਕਰਕੇ ਧਿਆਨ ਦੇਣ! ਨਵੀਂ ਦਿੱਲੀ ਤੋਂ ਦੋਹਾ ਜਾ ਰਹੀ ਫਲਾਈਟ 8B771 ਵਿੱਚ ਆਪ ਸਭ ਦਾ ਸੁਆਗਤ ਹੈ। ਉਡਾਣ ਭਰਨ ਲਈ ਕਤਾਰ ਵਿਚ ਸਾਡਾ ਤੀਜਾ ਸਥਾਨ ਹੈ ਅਤੇ ਕਰੀਬ 6 ਮਿੰਟਾਂ ਅੰਦਰ ਅਸੀਂ ਹਵਾ ਵਿਚ ਉੱਡ ਰਹੇ ਹੋਵਾਂਗੇ। ਕ੍ਰਿਪਾ ਕਰਕੇ ਆਪੋ-ਆਪਣੀਆਂ ਸੀਟ ਬੈਲਟਾਂ ਬੰਨ੍ਹ ਲਵੋ ਅਤੇ ਸਮਾਨ ਨੂੰ ਆਪਣੀਆਂ ਸੀਟਾਂ ਦੇ ਹੇਠਾਂ ਜਾਂ ਸਿਰ ਦੇ ਉਪਰਲੇ ਖਾਨਿਆਂ ਵਿਚ ਸਹੀ ਤਰੀਕੇ ਨਾਲ ਰੱਖ ਲਵੋ।

**ਨੀਰਜ:** ਇਸ ਏਅਰਲਾਈਨ ਨੇ ਪਿੱਛੇ ਜਿਹੇ ਆਪਣੇ ਆਪ ਹੀ ਆਪਣੀ ਬਦਨਾਮੀ ਕਰਵਾਈ ਹੈ।

**ਪਰਮਿੰਦਰ:** ਕਿਸ ਕਰਕੇ?

**ਨੀਰਜ:** ਔਸਤਨ ਅੱਧਾ ਘੰਟਾ ਦੇਰ ਕਰਨ ਲਈ …. ਪਰ ਲੱਗਦਾ ਹੈ ਕਿ ਅੱਜ ਅਸੀਂ ਖੁਸ਼ਕਿਸਮਤ ਹਾਂ।

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਦੂਜਾ**……

**(ਦ੍ਰਿਸ਼ ਬਦਲਾਅ ਸੰਗੀਤ ………………………..ਮੱਧਮ ਪੈਂਦਾ ਹੈ)**

(ਜਹਾਜ਼ ਰਨਵੇਅ ਤੇ ਚੱਲਣਾ ਸ਼ੁਰੂ ਕਰਦਾ ਹੈ, ਇੰਜਣ ਦੀ ਆਵਾਜ਼ ਆਉਣੀ ਸ਼ੁਰੂ ਹੁੰਦੀ ਹੈ ਤੇ ਜਹਾਜ ਉਡਾਣ ਭਰਦਾ ਹੈ)

**ਪਰਮਿੰਦਰ**: ਉਹ.. ਹੁਣ ਅਸੀਂ ਹਵਾ ਵਿੱਚ ਹਾਂ!

**ਨੀਰਜ:** ਮੈਂ ਤੁਹਾਡੇ ਸ਼ਬਦਾਂ ਵਿੱਚਲੀ ਜਿਗਿਆਸਾ ਨੂੰ ਵੇਖ ਸਕਦਾ ਹਾਂ। ਮੈਨੂੰ ਇਹ ਲੱਗ ਰਿਹਾ ਹੈ ਕਿ ਤੁਸੀਂ ਆਪਣੇ ਆਉਣ ਵਾਲੇ ਭਵਿੱਖ ਤੋਂ ਕਾਫੀ ਆਸਮੰਦ ਹੋ!

**ਪਰਮਿੰਦਰ:** ਤੁਹਾਡਾ ਅਨੁਮਾਨ ਸਹੀ ਹੈ। ਅਸਲ ਵਿੱਚ ਮੈਂ ਇੱਕ ਗਣਿਤਵੇਤਾ ਹਾਂ ਪਰ ਨੌਕਰੀ ਦੀ ਮੰਡੀ ਦੀ ਔਖ ਨੂੰ ਤਾਂ ਅਸੀਂ ਜਾਣਦੇ ਹੀ ਹਾਂ ! ਇਸੇ ਕਰਕੇ ਮੈਂ ਹੁਣ ਸਾਫਟਵੇਅਰ ਇੰਜੀਨੀਅਰ ਬਣ ਗਿਆ ਹਾਂ। ਮੈਂ ਕਈ ਨੌਕਰੀਆਂ ਕੀਤੀਆਂ ਤੇ ਛੱਡੀਆਂ ਪਰ ਕੋਈ ਵੀ ਮੇਰੇ ਲਈ ਫਾਇਦੇਮੰਦ ਨਹੀਂ ਸੀ, ਨਾ ਤਾਂ ਤਨਖਾਹ ਦੇ ਰੂਪ ਵਿੱਚ ਤੇ ਨਾ ਹੀ ਮੇਰੇ ਦਿਮਾਗ ਨੂੰ ਜਿਉਂਦਾ ਰੱਖਣ ਦੇ ਵਿੱਚ ! ਕਈ ਸਾਲਾਂ ਬਾਅਦ ਮੈਂ ਇੱਕ ਅਜਿਹੀ ਨੌਕਰੀ ਲੱਭੀ ਹੈ ਜੋ ਮੇਰੇ ਜੀਵਣ ਵਿੱਚ ਇੱਕ ਵੱਡਾ ਬਦਲਾਅ ਲਿਆਉਣ ਵਾਲੀ (ਗੇਮ ਚੇਂਜਰ) ਲੱਗਦੀ ਹੈ।

**ਨੀਰਜ:** ਗੱਲ ਚਾਲੂ ਰੱਖੋ। ਮੈਨੂੰ ਚੰਗਾ ਲੱਗ ਰਿਹਾ ਹੈ।

**ਪਰਮਿੰਦਰ:** ਨਿਊਯਾਰਕ ਵਿੱਚ ਮੇਰੀ ਫਰਮ ਜਲਵਾਯੂ ਸਬੰਧੀ ਘਟਨਾਵਾਂ ਦੀ ਗਣਿਤਕ ਮਾਡਲਿੰਗ ਕਰਦੀ ਹੈ। ਤੁਸੀਂ ਜਲਵਾਯੂ ਬਦਲਾਅ, ਗਲੋਬਲ ਵਾਰਮਿੰਗ ਅਤੇ ਇਹੋ ਜਿਹੀਆਂ ਹੋਰ ਗੱਲਾਂ ਬਾਰੇ ਜਾਣਦੇ ਹੀ ਹੋਵੋਗੇ। ਸਾਡੀ ਕੰਪਨੀ ਨੇ ਬਹੁਤ ਸਾਰੀਆਂ ਅਮਰੀਕੀ ਨੈਸ਼ਨਲ ਏਜੰਸੀਆਂ ਨਾਲ ਕੰਮ ਕੀਤਾ ਹੈ। ਹੁਣ ਇਹ NOAA ਦੀ ਇਕ ਸਹਿਯੋਗੀ ਫਰਮ ਹੈ।

**ਨੀਰਜ**: ਨੋਹਾ ਦੀ ਚਾਪ! ਆਕਰਸ਼ਕ! ਯਾਨੀ, ਤੁਸੀਂ ਪੂਰਵ ਇਤਿਹਾਸਕ ਕਾਲ ਲਈ ਸਾਫਟਵੇਅਰ ਦਾ ਕੰਮ ਕਰੋਗੇ (ਉੱਚੀ-ਉੱਚੀ ਹੱਸਦਾ ਹੈ, ਪਰਮਿੰਦਰ ਵੀ ਹੱਸਦਾ ਹੈ)

**ਪਰਮਿੰਦਰ**: ਮੈਨੂੰ ਲੱਗਦਾ ਹੈ ਕਿ ਲੋਕਾਂ ਨੂੰ ਇਸ ਬਾਬਤ ਜਾਣੂ ਕਰਵਾ ਦੇਣਾ ਚਾਹੀਦਾ ਹੈ ! NOAA ਦਾ ਪੂਰਾ ਰੂਪ ਹੈ ਨੈਸ਼ਨਲ

ਓਸ਼ੀਐਨਿਕ ਐਂਡ ਐਟਮਾਸਫ਼ੈਰਿਕ ਐਡਮਨਿਸਟਰਰੇਸ਼ਨ ਯਾਣੀ ਰਾਸਟਰੀ ਸਮੁੰਦਰੀ ਤੇ ਵਾਯੂਮੰਡਲੀ ਪ੍ਰਸ਼ਾਸ਼ਨ ! ਇਹ ਇੱਕ ਅਮਰੀਕੀ ਵਿਗਿਆਨਕ ਏਜੰਸੀ ਹੈ ਜੋ ਕਿ ਅਮਰੀਕਾ ਦੇ ਡਿਪਾਰਟਮੈਂਟ ਆਫ਼ ਕਾਮਰਸ ਦੇ ਅਧੀਨ ਆਉਂਦੀ ਹੈ।

**ਨੀਰਜ:** ਓਸ਼ੀਅਨ ਯਾਨੀ ਮਹਾਂਸਾਗਰ, ਐਂਟਮਾਸਫ਼ੀਅਰ ਯਾਨੀ ਵਾਯੂਮੰਡਲ, ਮੈਥੇਮੈਟਿਕਸ ਯਾਨੀ ਗਣਿਤ, ਕਾਮਰਸ ਯਾਨੀ ਵਣਜ ... ਕਾਫੀ ਗੁੰਝਲਦਾਰ ਲੱਗਦਾ ਹੈ। ਮੈਨੂੰ ਕੇਵਲ ਕਾਮਰਸ ਦੀ ਹੀ ਕੁਝ ਸਮਝ ਹੈ ਅਤੇ ਉਹ ਵੀ ਕੇਵਲ ਵਪਾਰ ਪੱਖੋਂ !

**ਪਰਮਿੰਦਰ:** ਠੀਕ ਹੈ, ਹੁਣ ਅੰਦਾਜ਼ਾ ਲਗਾਉਣ ਦੀ ਵਾਰੀ ਮੇਰੀ ਹੈ। ਤੁਸੀਂ ਇੱਕ ਵਪਾਰੀ ਹੋ ?

**ਨੀਰਜ:** ਬਿਲਕੁਲ ਠੀਕ! ਮੈਂ ਇੱਕ ਸਪਲਾਇਰ ਹਾਂ ਤੇ ਮੇਰਾ ਕੰਮ ਮੈਨੂੰ ਦੇਸ ਦੁਨੀਆ ਦੇ ਚੱਕਰ ਕਟਵਾਉਂਦਾ ਰਹਿੰਦਾ ਹੈ !

**ਪਰਮਿੰਦਰ:** ਅਪਾਤਕਾਲੀਨ ਸਥਿਤੀਆਂ ਵਿੱਚ ਵੀ?

**ਨੀਰਜ:** ਤੁਸੀਂ ਹਾਲੇ ਤੱਕ ਇਸ ਗੱਲ ਨੂੰ ਨਹੀਂ ਭੁੱਲੇ ! ਠੀਕ ਹੈ, ਮੈਂ ਦੱਸਦਾ ਹਾਂ ਕਿ ਮੇਰਾ ਇਸ ਗੱਲ ਤੋਂ ਕੀ ਮਤਲਬ ਸੀ।

**ਪਰਮਿੰਦਰ:** ਮੈਂ ਸੁਨਣ ਲਈ ਤਿਆਰ ਹਾਂ !

**ਨੀਰਜ:** ਅਸੀਂ ਬਹੁਤ ਨਾਜ਼ੁਕ ਖੇਤਰਾਂ ਵਿੱਚ ਇਮਾਰਤਸਾਜ਼ੀ ਦੀਆਂ ਚੀਜ਼ਾਂ ਸਲਪਾਈ ਕਰਦੇ ਹਾਂ।

**ਪਰਮਿੰਦਰ:** ਨਾਜ਼ੁਕ ਮਤਲਬ !

**ਨੀਰਜ:** ਨਾਜ਼ੁਕ ਮਤਲਬ ਉਹ ਦੇਸ਼ ਜੋ ਕਿ ਹਥਿਆਰਬੰਦ ਸੰਘਰਸ਼ ਨਾਲ ਪ੍ਰਭਾਵਿਤ ਹਨ, ਉਹ ਥਾਵਾਂ ਜਿੱਥੇ ਵਾਰ-ਵਾਰ ਬੰਬਾਂ ਨਾਲ ਹਮਲੇ ਹੁੰਦੇ ਹਨ, ਜਿੱਥੇ ਵਾਰ-ਵਾਰ ਇਮਾਰਤਾਂ ਉਡਾ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਜੰਗਾਂ ਦੇ ਖਤਮ ਹੋਣ ਤੋਂ ਬਾਅਦ, ਪੁਨਰ ਨਿਰਮਾਣ ਦੀ ਲੋੜ ਹੁੰਦੀ ਹੈ ! ਅਸੀਂ ਆਪਣੀਆਂ ਵਸਤਾਂ ਉਥੇ ਸਪਲਾਈ ਕਰਦੇ ਹਾਂ .... ਅਜਿਹੇ ਖੇਤਰਾਂ ਵਿਚ ਕੰਮ ਕਰਨਾ ਕਾਫੀ ਖਤਰਨਾਕ ਹੁੰਦਾ ਹੈ।

**ਪਰਮਿੰਦਰ:** ਪਰ ਜੰਗ ਖਤਮ ਹੋਣ ਤੋਂ ਬਾਅਦ ਕਿਹੜਾ ਖਤਰਾ ਰਹਿੰਦਾ ਹੈ? ਤੁਸੀਂ ਇਸ ਨੂੰ ਖਤਰਾ ਕਿਓਂ ਕਹਿ ਰਹੇ ਹੋ?

**ਨੀਰਜ:** ਦੋਸਤ, ਕੁਝ ਲੋਕਾਂ ਦੁਆਰਾ ਕੁਝ ਕਾਗਜ਼ਾਂ 'ਤੇ ਹਸਤਾਖਰ ਕਰ ਦੇਣ ਨਾਲ ਜੰਗ ਖਤਮ ਨਹੀਂ ਹੁੰਦੀ! ਯੁੱਧ ਚਲਦੇ ਰਹਿੰਦੇ ਹਨ, ਜਾਰੀ ਰਹਿੰਦੇ ਹਨ, ਭਾਵੇਂ ਇਨ੍ਹਾਂ ਦੀ ਤੀਬਰਤਾ ਕੁਝ ਘੱਟ ਜਰੂਰ ਜਾਂਦੀ ਹੈ। ਸੋ, ਸ਼ਾਂਤ ਦਿਨ ਵੇਲੇ ਵੀ ਕਿਸੇ ਤੇਜ਼ ਨਿਸ਼ਾਨਚੀ ਦੀ ਗੋਲੀ ਤੁਹਾਡੇ ਸੀਨਾ ਬਿੰਨ੍ਹ ਸਕਦੀ ਹੈ। ਫੌਜਾਂ ਦੁਆਰਾ ਵਿਛਾਈਆਂ ਗਈਆਂ ਬਾਰੂਦੀ ਸੁਰੰਗਾਂ ਅਤੇ ਅਣਚੱਲੇ ਬਚੇ ਰਹਿ ਗਏ ਬੰਬ ਵੀ ਪਏ ਹੁੰਦੇ ਹਨ ਜੋ ਕਿਸੇ ਵੇਲੇ ਵੀ ਫਟ ਸਕਦੇ ਹਨ।

**ਪਰਮਿੰਦਰ:** ਹੁਣ ਮੈਂ ਤੁਹਾਡੀ ਗੱਲ ਸਮਝ ਗਿਆ ਹਾਂ। ਫੇਰ ਤੁਹਾਡੇ ਕਾਰੋਬਾਰ ਦੀ ਅਸਲੀ ਥਾਂ ਕਿਹੜੀ ਹੈ?

**ਨੀਰਜ:** ਸੀਰੀਆ।

**ਪਰਮਿੰਦਰ:** ਤੁਸੀਂ ਤਾਂ ਮੈਨੂੰ ਹੈਰਾਨ ਹੀ ਕਰ ਦਿੱਤਾ! ਤੁਸੀਂ ਅਜਿਹੇ ਸਥਾਨ 'ਤੇ ਕੋਈ ਕਾਰੋਬਾਰ ਕਿਵੇਂ ਕਰਦੇ ਹੋ? ਚਾਰੇ ਪਾਸੇ ਮਲਬਾ ਹੀ ਮਲਬਾ ਹੈ। ਮਨੁੱਖ ਤਾਂ ਦਿਸਦੇ ਹੀ ਨਹੀਂ।

**ਨੀਰਜ:** ਜੰਗ ਕਦੇ ਲਗਾਤਾਰ ਨਹੀਂ ਚੱਲ ਸਕਦੀ। ਇਹ ਜਲਦੀ ਹੀ ਰੁਕੇਗੀ ਤੇ ਅਸੀਂ ਉਦੋਂ ਲੈਬਨਾਨ ਵਾਲੇ ਰੂਟ ਰਾਹੀਂ ਵਪਾਰ ਕਰਾਂਗੇ।

**ਪਰਮਿੰਦਰ:** ਕਾਫੀ ਸਿਆਣਪ ਤੇ ਦੂਰ ਅੰਦੇਸ਼ੀ ਵਾਲੀ ਗੱਲ ਹੈ!

**ਨੀਰਜ:** ਸਾਨੂੰ ਆਮ ਕਾਰੋਬਾਰੀਆਂ ਤੋਂ ਜ਼ਿਆਦਾ ਚੁਸਤ ਤਾਂ ਹੋਣਾ ਹੀ ਪੈਂਦਾ ਹੈ ! ਪਰ ਤੁਸੀਂ ਇਹ ਦੱਸੋ ਕਿ ਇੱਕ ਸਾਫਟਵੇਅਰ

ਇੰਜੀਨੀਅਰ ਤੇ ਇਕ ਜਲਵਾਯੂ-ਕਾਰਜਕਰਤਾ ਦਾ ਜੰਗ ਦੇ ਮੈਦਾਨ ਵਿੱਚ ਕਾਰੋਬਾਰ ਬਾਰੇ ਜਾਨਣ ਦਾ ਕੀ ਕੰਮ?

**ਪਰਮਿੰਦਰ:** ਜ਼ਾਹਰ ਤੌਰ 'ਤੇ ਤਾਂ ਬੇਕਾਰ ਹੀ ਜਾਪਦਾ ਹੈ ਪਰ ਹਕੀਕਤ ਇਹ ਹੈ ਕਿ ਅਸੀਂ ਜਲਵਾਯੂ ਬਦਲਾਓ ਦਾ ਅਧਿਅਨ ਜੰਗਾਂ ਨਾਲ ਜੋੜ ਕੇ ਕਰ ਰਹੇ ਹਾਂ।

**ਨੀਰਜ:** ਸੱਚੀਂ? (**ਉਹ ਆਪਣੇ ਅੱਗੇ ਪਏ ਹੋਏ ਕੌਲੇ ਵਿੱਚੋਂ ਕੁਝ ਟੌਫੀਆਂ ਚੱਕ ਕੇ ਮੂੰਹ ਵਿੱਚ ਪਾਂਉਦਾ ਹੈ**)। ਪਰ ਇਹ ਤਾਂ ਸਮਝਾਓ ਕਿ ਜਲਵਾਯੂ ਦਾ ਮੁੱਦਾ, ਜੰਗਾਂ ਤੇ ਲੜਾਈਆਂ ਨਾਲ ਕਿਵੇਂ ਜੁੜਿਆ ਹੋਇਆ ਹੈ?

**ਪਰਮਿੰਦਰ:** ਪਿੱਛੇ ਜਿਹੇ ਹੀ ਵਿਗਿਆਨੀਆਂ ਨੇ ਗਲੋਬਲ ਵਾਰਮਿੰਗ ਅਤੇ ਅਲੱਗ-ਅਲੱਗ ਦੇਸ਼ਾਂ ਵਿੱਚ ਹੋ ਰਹੀਆਂ ਲੜਾਈਆਂ ਵਿਚਕਾਰ ਕੁਝ ਸਬੰਧ ਲੱਭੇ ਹਨ ! ਇਹ ਸੁਣ ਕੇ ਤੁਹਾਨੂੰ ਬਹੁਤ ਉਤਸੁਕਤਾ ਹੋਵੇਗੀ ਕਿ ਸੀਰੀਆ ਦੀ ਹਿੰਸਾ ਨੇ ਖੋਜ ਕਾਰਜਾਂ ਨੂੰ ਕਾਫੀ ਤੇਜ ਕੀਤਾ ਹੈ।

**ਨੀਰਜ:** ਤੁਸੀਂ ਤਾਂ ਮੈਨੂੰ ਹੈਰਾਨ ਹੀ ਕਰ ਦਿੱਤਾ!

**ਪਰਮਿੰਦਰ**: ਜੇਕਰ ਤੁਸੀਂ ਇਹ ਪਹਿਲੀ ਵਾਰੀ ਸੁਣ ਰਹੇ ਹੋ ਤਾਂ ਹੈਰਾਨ ਹੋਣਾ ਸੁਭਾਵਿਕ ਹੈ!

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਤੀਜਾ**……

**(ਦ੍ਰਿਸ਼ ਬਦਲਾਅ ਸੰਗੀਤ ……………………….ਮੱਧਮ ਪੈਂਦਾ ਹੈ)**

(ਅਚਾਨਕ ਪਿਛੇ ਬੈਠੇ ਦੋ ਯਾਤਰੀ ਝਗੜਣ ਲੱਗ ਪੈਂਦੇ ਹਨ। "ਮੈਂ ਤੁਹਾਨੂੰ ਦੱਸਿਆ ਸੀ ਕਿ ਮੈਂ ਐਨੀ ਠੰਡੀ ਹਵਾ ਬਰਦਾਸ਼ਤ ਨਹੀਂ ਕਰ ਸਕਦਾ ਪਰ ਤੁਸੀਂ ਤਾਂ ਸੁਣਦੇ ਹੀ ਨਹੀਂ" ਦੂਸਰਾ ਚਿੱਲਾਉਂਦਾ ਹੈ, "ਇਸ ਨੋਜ਼ਲ ਨੂੰ ਏਧਰ ਨੂੰ ਮੋੜਣ ਦਾ ਮੈਨੂੰ ਪੂਰਾ ਅਧਿਕਾਰ ਹੈ"! ਦੂਸਰਾ ਤੁਰੰਤ ਉੱਤਰ ਦਿੰਦਾ ਹੈ, "ਪਰ ਤੁਸੀਂ ਇਸ ਤਰ੍ਹਾਂ ਮੇਰੀ ਕੁਲਫੀ ਨਹੀਂ ਜਮਾ ਸਕਦੇ"। ਮਸਲੇ ਦਾ ਹੱਲ ਕਰਨ ਲਈ ਏਅਰ ਹੋਸਟੈਸਾਂ ਭੱਜ ਕੇ ਆਉਂਦੀਆਂ ਹਨ ਤੇ ਕਹਿੰਦੀਆਂ ਹਨ, "ਕਿਰਪਾ ਕਰਕੇ ਸ਼ਾਂਤ ਹੋ ਜਾਓ")

**ਪਰਮਿੰਦਰ:** ਵੇਖਿਆ ! ਤਾਪਮਾਨ ਵਿੱਚ ਥੋੜ੍ਹਾ ਜਿਹਾ ਬਦਲਾਅ ਵੀ ਲੜਾਈ ਸ਼ੁਰੂ ਕਰ ਸਕਦਾ ਹੈ ! ਆਪੇ ਹਿਸਾਬ ਲਗਾ ਲਓ ਕਿ ਗਲੋਬਲ ਵਾਰਮਿੰਗ ਨਾਲ ਕੀ ਭਾਣਾ ਵਰਤ ਸਕਦਾ ਹੈ !

**ਨੀਰਜ:** **(ਹੱਸਦੇ ਹੋਏ)** ਵਾਹ ! ਅਜਿਹੇ ਪੁਖਤਾ ਸਬੂਤ ਨੂੰ ਕਿਵੇਂ ਨਜ਼ਰ ਅੰਦਾਜ ਕੀਤਾ ਜਾ ਸਕਦਾ ਹੈ? ਪਰ ਮੈਨੂੰ ਜੰਗ ਅਤੇ ਧਰਤੀ ਗਰਮਾਉਣ ਦੇ ਆਪਸੀ ਸਬੰਧ ਦੀ ਕਹਾਣੀ ਬਾਬਤ ਜਰਾ ਹੋਰ ਖੋਲ੍ਹ ਕੇ ਸਮਝਾਓ ! ਮੈਨੂੰ ਉਤਸਕਤਾ ਹੋ ਰਹੀ ਹੈ।

**ਪਰਮਿੰਦਰ:** ਤੁਸੀਂ UNDP ਦਾ ਨਾਂ ਤਾਂ ਸੁਣਿਆ ਹੈ ?

**ਨੀਰਜ:** **U-N-D-P**? ਨਹੀਂ। ਮਾਫ ਕਰਨਾ।

**ਪਰਮਿੰਦਰ:** ਪੂਰਾ ਰੂਪ - ਯੂਨਾਇਟਿਡ ਨੇਸ਼ਨਜ਼ ਡੈਵਲਪਮੈਂਟ ਪ੍ਰੋਗਰਾਮ ਯਾਨੀ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ।

**ਨੀਰਜ:** ਅੱਛਾ ਕੀ ਕਹਿੰਦਾ ਹੈ ਇਹ ਪ੍ਰੋਗਰਾਮ ?

**ਪਰਮਿੰਦਰ**: ਇਹ... ਸੰਸਥਾ, ਯੂਨਾਇਟਿਡ ਨੇਸ਼ਨਜ਼ ਦੀ ਇੱਕ ਸ਼ਾਖਾ ਹੈ। ਅਰਬ ਖੇਤਰ ਵਿਚ ਹੋ ਰਹੇ ਝਗੜਿਆਂ ਨਾਲ ਜਲਵਾਯੂ-ਤਬਦੀਲੀ ਦਾ ਕੀ ਸਬੰਧ ਹੈ - ਇਸ ਬਾਰੇ ਇਹ ਸੰਸਥਾ ਕਾਫੀ ਕੁਝ ਦੱਸਦੀ ਹੈ।

**ਨੀਰਜ:** ਕਿਸ ਤਰਾਂ?

**ਪਰਮਿੰਦਰ:** ਅਰਬ ਦਾ ਇਲਾਕਾ, ਖੇਤੀ ਅਧਾਰਤ ਸੱਭਿਅਤਾ ਦੀ ਜਨਮ-ਭੂਮੀ ਰਿਹਾ ਹੈ ਅਤੇ ਹਜ਼ਾਰਾਂ ਸਾਲਾਂ ਤੱਕ ਇਹ ਖੇਤਰ ਜਲਵਾਯੂ ਦੇ ਖਤਰਿਆਂ ਨਾਲ ਨਜਿੱਠਦਾ ਰਿਹਾ ਹੈ ! ਪਰ ਹੁਣ ਜਲਵਾਯੂ-ਤਬਦੀਲੀ ਦੀ ਰਫ਼ਤਾਰ ਪਹਿਲਾਂ ਨਾਲੋਂ ਕਾਫੀ ਤੇਜ ਹੋ ਗਈ ਹੈ ਜਿਸ ਕਾਰਨ ਸਮਾਜ ਅਤੇ ਸਰਕਾਰਾਂ ਨੂੰ ਇਸ ਨਾਲ ਨਜਿੱਠਣਾ ਔਖਾ ਹੋ ਰਿਹਾ ਹੈ।

**ਨੀਰਜ:** ਤੁਸੀਂ ਤਾਂ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਵਾਂਗ ਬੋਲਦੇ ਹੋ।

**ਪਰਮਿੰਦਰ: (ਖੁਸ਼ ਹੁੰਦੇ ਹੋਏ)** ਹਰ ਵਿਸ਼ੇ ਵਿਚ ਧਾਰਨਾਵਾਂ ਨੂੰ ਇੱਕ ਨਿਵੇਕਲੇ ਤਰੀਕੇ ਅਤੇ ਵਿਸ਼ੇਸ਼ ਸ਼ਬਦਾਵਲੀ ਨਾਲ ਦੱਸਣਾ ਪੈਂਦਾ ਹੈ! ਹੁਣ ਤਾਂ ਸਬੂਤ ਇਹ ਦਰਸਾਉਂਦੇ ਹਨ ਕਿ ਇਹ ਖੇਤਰ ਆਉਂਦੇ 25 ਸਾਲਾਂ ਦੇ ਅਰਸੇ ਵਿੱਚ ਆਏ ਜਲਵਾਯੂ ਬਦਲਾਅ ਕਾਰਨ ਪੈਣ ਵਾਲੇ ਮਹਾਂ-ਸੋਕੇ ਦਾ ਕੇਂਦਰ ਬਣੇਗਾ ! ਇਸਦੀ ਤੀਬਰਤਾ, ਇਕ ਹਜ਼ਾਰ ਸਾਲ ਪਹਿਲਾਂ ਆਏ ਇਤਿਹਾਸ ਕਾਲੀਨ ਸੋਕਿਆਂ ਦੇ ਬਰਾਬਰ ਹੋਵੇਗੀ, ਜਿਨ੍ਹਾਂ ਦੇ ਫਲਸਰੂਪ ਸੱਭਿਅਤਾਵਾਂ ਦਾ ਵੱਡਾ ਵਿਸਥਾਪਨ ਹੋਇਆ ਸੀ! ਇਸੇ ਕਰਕੇ ਸਦੀ ਦੇ ਅੱਧ ਤੱਕ ਇਸ ਖੇਤਰ ਦੇ ਕੁਝ ਹਿੱਸੇ ਵਸੋਂ ਯੋਗ ਨਹੀਂ ਰਹਿਣਗੇ।

**ਨੀਰਜ:** ਨਹੀਂ ਨਹੀਂ! ਸਾਡੇ ਕਾਰੋਬਾਰ ਦਾ ਕੀ ਹੋਵੇਗਾ! ਮੇਰੇ ਦੋਸਤ ਤੁਹਾਡੀਆਂ ਗੱਲਾਂ ਨੇ ਤਾਂ ਮੈਨੂੰ ਡਰਾ ਹੀ ਦਿੱਤਾ !

**ਪਰਮਿੰਦਰ**: ਰੁਕੋ ਸਰ! ਸੀਰੀਆ ਵਿੱਚ ਸੋਕੇ ਨੇ 20% ਤੋਂ ਵੀ ਜ਼ਿਆਦਾ ਪੇਂਡੂ ਆਬਾਦੀ ਦੀ ਰੋਜ਼ੀ-ਰੋਟੀ ਨੂੰ ਖਤਮ ਕਰ ਦਿੱਤਾ ਤੇ ਅੰਦਰੂਨੀ ਤੌਰ ‘ਤੇ 10 ਲੱਖ ਦੀ ਆਬਾਦੀ ਨੂੰ ਉਜਾੜ ਦਿੱਤਾ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਵਿਦਰੋਹੀ ਕਾਰਵਾਈਆਂ ਤੋਂ ਪਹਿਲਾਂ ਹੀ ਇਸ ਕਾਰਨ ਸਮਾਜਿਕ ਕਮਜੋਰੀਆਂ ਵਧ ਗਈਆਂ ਹਨ । ਇਸੇ ਤਰ੍ਹਾਂ ਜਲਵਾਯੂ ਤਬਦੀਲੀ ਕਾਰਨ ਪੈਣ ਵਾਲੇ ਪ੍ਰਭਾਵਾਂ ਕਰਕੇ ਇਰਾਕ, ਸੁਡਾਨ ਅਤੇ ਯਮਨ ਵਿਚ ਵੀ ਅਸਥਿਰਤਾ ਵਧੀ ਹੈ !

**ਨੀਰਜ: (ਖੜ੍ਹੇ ਹੁੰਦੇ ਹੋਏ)** ਤਾਂ ਤੇ ਸਾਨੂੰ ਵੀ ਇਸ ਬਾਰੇ ਕੁਝ ਕਰਨਾ ਚਾਹੀਦਾ ਹੈ!

**ਪਰਮਿੰਦਰ**: ਹਾਂ ! ਪਰ ਇਹ ਸੰਸਾਰ ਚੁੱਪ ਕਰਕੇ ਥੋੜ੍ਹਾ ਹੀ ਬੈਠਿਆ ਹੈ? ਬਹੁਤ ਸਾਰੀਆਂ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਜਲਵਾਯੂ-ਤਬਦੀਲੀ ਦਾ ਹਲ ਕੱਢਿਆ ਜਾ ਸਕੇ। ਪਰ ਇਸ ਨੂੰ ਜਾਣਨ ਲਈ ਤੁਹਾਨੂੰ ਕੁਝ ਹੋਰ ਨਵੇਂ ਸ਼ਬਦ ਸਮਝਣੇ ਪੈਣਗੇ। ਕੀ ਤੁਸੀਂ IPCC ਬਾਰੇ ਸੁਣਿਆ ਹੈ?

**ਨੀਰਜ**: ਹਾਂ, ਬਿਲਕੁਲ! ਇਸ ਨੂੰ ਨੋਬਲ ਪੁਰਸਕਾਰ ਮਿਲਿਆ ਹੋਇਆ ਹੈ। ਮੇਰਾ ਬੱਚਾ ਇਸ ਨੂੰ ਪੇਪਰਾਂ ਤੋਂ ਪਹਿਲਾਂ ਉੱਚੀ-ਉੱਚੀ ਪੜ੍ਹ ਰਿਹਾ ਸੀ। ਮੈਨੂੰ ਇਹ ਪੂਰੀ ਤਰ੍ਹਾਂ ਯਾਦ ਹੈ!

**ਪਰਮਿੰਦਰ**: IPCC ਯਾਣੀ ਜਲਵਾਯੂ ਤਬਦੀਲੀ ਸਬੰਧੀ ਅੰਤਰ-ਸਰਕਾਰੀ ਦਲ 1988 ਵਿੱਚ ਬਣਾਇਆ ਗਿਆ ਸੀ। ਇਸ ਦੀ ਸਥਾਪਨਾ WMO ਯਾਣੀ ਵਿਸ਼ਵ ਮੌਸਮ ਵਿਗਿਆਨ ਸੰਗਠਨ ਯਾਨੀ ਅਤੇ UNEP ਯਾਣੀ ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰਾਗਰਾਮ ਯਾਨੀ ਨੇ ਕੀਤੀ ਸੀ। ਇਸ ਦਾ ਕੰਮ ਹੈ ਕਿ ਇਹ ਜਲਵਾਯੂ-ਬਦਲਾਅ ਅਤੇ ਉਸਦੇ ਪ੍ਰਭਾਵਾਂ ਦੇ ਸਾਰੇ ਪਹਿਲੂਆਂ ਸਬੰਧੀ ਮੁਲਾਂਕਣ ਰਿਪੋਰਟਾਂ ਤਿਆਰ ਕਰੇ। ਹਕੀਕੀ ਪ੍ਰਤੀਕਰਿਆ ਅਤੇ ਰਣਨੀਤੀਆਂ ਤਿਆਰ ਕਰਨ ਦੇ ਇਰਾਦੇ ਨਾਲ ਅਜਿਹਾ ਕੀਤਾ ਜਾਂਦਾ ਹੈ।

**ਨੀਰਜ**: ਜੇਕਰ ਮੇਰੇ ਲਈ ਸੰਭਵ ਹੁੰਦਾ ਤਾਂ ਮੈਂ ਤੁਹਾਡੇ ਅਫਸਰ ਨੂੰ ਹੁਣੇ ਤੁਹਾਡੀ ਤਰੱਕੀ ਲਈ ਸਲਾਹ ਦੇ ਦਿੰਦਾ। ਤੁਸੀਂ ਕਾਫੀ ਜਾਣਕਾਰੀ ਰੱਖਦੇ ਹੋ !

**ਪਰਮਿੰਦਰ**: ਪ੍ਰਸ਼ੰਸਾ ਲਈ ਧੰਨਵਾਦ ਸਰ! ਇਸ ਸੰਸਥਾ ਨੇ ਸੁਰੂਆਤ ਤੋਂ ਲੈ ਕੇ ਹੁਣ ਤੱਕ ਛੇ ਬਹੁਤ ਹੀ ਮਹੱਤਵਪੂਰਨ ਰਿਪੋਰਟਾਂ

ਪ੍ਰਕਾਸ਼ਤ ਕੀਤੀਆਂ ਹਨ। ਚੌਥੀ ਮੁਲਾਂਕਣ ਰਿਪੋਰਟ ਵਿੱਚ ਜਲਵਾਯੂ-ਤਬਦੀਲੀ ਨੂੰ, ਟਿਕਾਊ ਵਿਕਾਸ ਦੀਆਂ ਨੀਤੀਆਂ, ਬਚਾਓ ਦੇ ਉਪਾਵਾਂ ਅਤੇ ਆਪਣੇ ਆਪ ਨੂੰ ਇਨ੍ਹਾਂ ਬਦਲਾਵਾਂ ਅਨੁਸਾਰ ਢਾਲਣ ਲਈ ਪ੍ਰਬੰਧਾਂ, ਦੇ ਨਾਲ ਜੋੜਣ ਦੀ ਕੋਸ਼ਿਸ਼ ਕੀਤੀ ਗਈ ਹੈ। ਸੰਨ 2007 ਦੇ ਅੰਤ ਵਿਚ IPCC ਨੂੰ ਸ਼ਾਂਤੀ ਲਈ ਨੋਬਲ ਪੁਰਸਕਾਰ ਦਿੱਤਾ ਗਿਆ।

**ਨੀਰਜ:** ਵਾਹ ! ਬਹੁਤ ਅੱਛਾ !

**ਪਰਮਿੰਦਰ:** ਇਹ ਤਾਂ ਕੇਵਲ ਸ਼ੁਰੂਆਤ ਹੈ ਨੀਰਜ... ਜੀ!

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਚੌਥਾ**......

**(ਦ੍ਰਿਸ਼ ਬਦਲਾਅ ਸੰਗੀਤ ...........................ਮੱਧਮ ਪੈਂਦਾ ਹੈ)**

(ਜਹਾਜ਼ ਵਿੱਚ ਐਲਾਨ "ਯਾਤਰੀ ਕਿਰਪਾ ਕਰਕੇ ਧਿਆਨ ਦੇਣ , ਕੈਪਟਨ ਨੇ ਸੀਟ ਬੈਲਟਾਂ ਲਗਾਉਣ ਦਾ ਸੰਕੇਤ ਦਿੱਤਾ ਹੈ ! ਅਸੀਂ ਹੁਣ ਹਲਚਲ ਵਾਲੇ ਖੇਤਰ ਨੂੰ ਪਾਰ ਕਰਨ ਲੱਗੇ ਹਾਂ। ਕਿਰਪਾ ਕਰਕੇ ਆਪਣੀਆਂ ਸੀਟਾਂ 'ਤੇ ਬੈਠ ਜਾਵੋ ਤੇ ਸੀਟ ਬੈਲਟਾਂ ਲੱਗਾ ਲਵੋ। ਧੰਨਵਾਦ!")

**ਨੀਰਜ:** ਯਾਰ, ਮੈਂ ਤਾਂ ਵਾਸ਼ਰੂਮ ਜਾਣ ਦੀ ਸੋਚ ਰਿਹਾ ਸੀ... ਫੇਰ ਵੀ... ਕੀ ਇਹ ਚੀਜ਼ਾਂ .... ਮੇਰਾ ਮਤਲਬ ਕੀ ਇਹ ਹਲਚਲਾਂ ਵੀ ਤੁਹਾਡੀ ਦੱਸੀ ਇਸ ਗਰਮਾਉਣ ਦੀ ਪ੍ਰਕਿਰਿਆ ਦਾ ਹੀ ਨਤੀਜਾ ਹਨ?

**ਪਰਮਿੰਦਰ:** ਹਲਚਲਾਂ ਤਾਂ ਰੋਜ਼ਾਨਾ ਦੀਆਂ ਘਟਨਾਵਾਂ ਹਨ। ਪਰ ਹਾਂ, ਆਲਮੀ ਤਪਸ਼ ਨੇ ਅਜਿਹੀਆਂ ਹਲਚਲਾਂ ਦੀ ਗਿਣਤੀ ਅਤੇ ਤੀਬਰਤਾ ਵਧਾਈ ਹੋ ਸਕਦੀ ਹੈ।

**ਨੀਰਜ:** ਕੀ ਅਸੀਂ ਇਨ੍ਹਾਂ ਘਟਨਾਵਾਂ 'ਤੇ ਨਿਯੰਤਰਣ ਨਹੀਂ ਕਰ ਸਕਦੇ, ਪਰਮਿੰਦਰ?

**ਪਰਮਿੰਦਰ:** ਵੇਖੋ, ਜੇਕਰ ਗਲੋਬਲ ਵਾਰਮਿੰਗ ਦੇ ਵਾਧੇ ਵਿੱਚ ਸਾਡਾ ਯੋਗਦਾਨ ਹੈ ਤਾਂ ਸਾਨੂੰ ਇਸ ਦੇ ਨੁਕਸਾਨ ਉਪਰ ਨਿਯੰਤਰਣ ਦੇ ਲਈ ਵੀ ਆਪਣਾ ਯੋਗਦਾਨ ਤਾਂ ਪਾਉਣਾ ਹੀ ਪਵੇਗਾ! ਸਭ ਤੋਂ ਵਧੀਆ ਨਿਯੰਤਰਣ ਹੈ ਕਿ ਅਸੀਂ ਕਾਰਬਨ ਡਾਇਕਸਾਈਡ ਵਰਗੀਆਂ ਗ੍ਰੀਨ-ਹਾਊਸ ਗੈਸਾਂ ਦੇ ਉਤਸਰਜਨ ਨੂੰ ਸੀਮਤ ਕਰੀਏ !

**ਨੀਰਜ:** ਗੱਲ ਤਾਂ ਸਹੀ ਲੱਗਦੀ ਹੈ।

**ਪਰਮਿੰਦਰ:** ਮੈਂ ਇਤਿਹਾਸ ਵਿੱਚ ਥੋੜ੍ਹਾ ਜਿਹਾ ਪਿੱਛੇ ਜਾਵਾਂਗਾ। ਸਭ ਤੋਂ ਪਹਿਲੀ ਸੰਸਾਰ-ਜਲਵਾਯੂ-ਕਾਨਫਰੰਸ 1979 ਵਿੱਚ ਹੋਈ ਸੀ। ਇਸ ਨੇ ਨਤੀਜਾ ਕੱਢਿਆ ਕਿ ਜਲਵਾਯੂ ਬਦਲਾਅ ਧਿਆਨ ਦੇਣ ਵਾਲੀ ਇਕ ਵਿਸ਼ਵ-ਪੱਧਰੀ ਸਮੱਸਿਆ ਬਣ ਗਈ ਹੈ। ਇਸ ਸੰਸਥਾ ਨੇ ਸਰਕਾਰਾਂ ਨੂੰ ਅਪੀਲ ਕਰਦਾ ਇਕ ਐਲਾਨ-ਨਾਮਾ ਜਾਰੀ ਕੀਤਾ ਕਿ ਜਲਵਾਯੂ ਬਦਲਾਅ ਤੋਂ ਹੋਣ ਵਾਲੇ ਖਤਰਿਆਂ ਦਾ ਪਤਾ ਲਗਾਉਣ ਬਾਬਤ ਅਤੇ ਉਨ੍ਹਾਂ ਤੋਂ ਬਚਾਅ ਬਾਰੇ ਸੋਚਿਆ ਜਾਵੇ। ਵਿਸ਼ਵ ਮੌਸਮ ਵਿਗਿਆਨ ਸੰਗਠਨ (WMO), ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰਾਗਰਾਮ (UNEP) ਅਤੇ ਵਿਗਿਆਨਕ ਸੰਗਠਨਾਂ ਦੀ ਅੰਤਰਰਾਸ਼ਟਰੀ ਪਰਿਸ਼ਦ (ICSU) ਦੁਆਰਾ ਸੰਚਾਲਿਤ ਇਕ 'ਵਿਸ਼ਵ ਜਲਵਾਯੂ ਪ੍ਰੋਗਰਾਮ' ਸਥਾਪਿਤ ਕੀਤਾ ਗਿਆ।

**ਨੀਰਜ:** ਅੱਛਾ!

**ਪਰਮਿੰਦਰ**:ਬਦਲ ਰਹੇ ਵਾਯੂਮੰਡਲ ਸਬੰਧੀ 1988 ਵਿਚ ਹੋਈ ਟਰਾਂਟੋ-ਕਾਨਫਰੰਸ ਨੇ ਇਸ ਚਰਚਾ ਨੂੰ ਅੱਗੇ ਤੋਰਿਆ ਜਦੋਂ 46

ਦੇਸ਼ਾਂ ਤੋਂ ਆਏ 340 ਤੋਂ ਵੀ ਵੱਧ ਪ੍ਰਤੀਭਾਗੀਆਂ ਨੇ ਇੱਕ ਜਬਾਨ ਹੋ ਕੇ ਸਿਫਾਰਿਸ਼ ਕੀਤੀ ਕਿ ਵਾਯੂਮੰਡਲ ਦੀ ਸੁਰੱਖਿਆ ਲਈ ਇਕ ਵਿਆਪਕ ਗਲੋਬਲ ਫਰੇਮਵਰਕ ਕਨਵੈਂਸ਼ਨ ਤਿਆਰ ਕੀਤੀ ਜਾਵੇ।

**ਨੀਰਜ:** ਕੀ ਤੁਸੀਂ ਰੋਜ਼ਾਨਾ ਬ੍ਰਹਮੀ ਬੂਟੀ ਖਾਂਦੇ ਹੋ?

**ਪਰਮਿੰਦਰ:** ਨਹੀਂ... ਪਰ ਕਿਉਂ?

**ਨੀਰਜ:** ਮੈਨੂੰ ਇਹ ਪਤਾ ਲੱਗਿਆ ਹੈ ਕਿ ਜੇਕਰ ਹਰ ਰੋਜ ਸਵੇਰੇ ਬ੍ਰਹਮੀ ਬੂਟੀ ਦੇ ਪੱਤੇ ਖਾਧੇ ਜਾਣ ਤਾਂ ਯਾਦਾਸ਼ਤ ਕਾਫੀ ਤੇਜ਼ ਹੋ ਜਾਂਦੀ ਹੈ। ਮੈਂ ਹੈਰਾਨ ਹੋ ਰਿਹਾ ਸੀ.... 46 ਦੇਸ਼ਾਂ...340 ਪ੍ਰਤੀਭਾਗੀ... ਤੁਸੀਂ ਜ਼ਰੂਰ ਹੀ ਬ੍ਰਹਮੀ ਬੂਟੀ ਖਾਂਦੇ ਰਹੇ ਹੋਵੋਗੇ।

**ਪਰਮਿੰਦਰ:** ਵਧੀਆ ਮਜ਼ਾਕ ਹੈ! ਸਰ, ਹੁਣ ਆਪਣੀ ਚਰਚਾ 'ਤੇ ਵਾਪਸ ਆਉਂਦੇ ਹਾਂ। ਮਾਲਟਾ ਨਾਮਕ ਦੇਸ਼ ਦੁਆਰਾ ਪੇਸ਼ ਕੀਤੇ ਗਏ ਇਕ ਪ੍ਰਸਤਾਵ ਦੇ ਜਵਾਬ ਵਿਚ ਸੰਯੁਕਤ ਰਾਸ਼ਟਰ ਮਹਾਂਸਭਾ ਨੇ 43/53 ਵੋਟਾਂ ਨਾਲ ਇਕ ਮਤਾ ਪਾਸ ਕਰਕੇ ਪਹਿਲੀ ਵਾਰ ਜਲਵਾਯੂ ਤਬਦੀਲੀ ਦੇ ਮੁੱਦੇ ਨੂੰ ਛੂਹਿਆ।

**ਨੀਰਜ:** ਤੇ ਹੁਣ ਮੈਨੂੰ ਵਾਸ਼ਰੂਮ ਜਾਣਾ ਹੀ ਪਵੇਗਾ। ਕੁਝ ਹੀ ਮਿੰਟਾਂ ਵਿੱਚ ਆਵਾਂਗਾ। ਐਕਸਕਿਊਜ਼ ਮੀ।

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪੰਜਵਾਂ**......

**(ਦ੍ਰਿਸ਼ ਬਦਲਾਅ ਸੰਗੀਤ ...........................ਮੱਧਮ ਪੈਂਦਾ ਹੈ)**

(ਜਿਵੇਂ ਹੀ ਪਰਮਿੰਦਰ ਫੁਰਸਤ ਦੇ ਭਾਵ "ਆਹ" ਪ੍ਰਗਟ ਕਰਦੇ ਹੋਏ ਪਿੱਛੇ ਨੂੰ ਪਿੱਠ ਲਗਾਉਂਦਾ ਹੈ ਕੈਬਿਨ ਵਿੱਚ ਚੱਲ ਰਿਹਾ ਸੰਗੀਤ ਉੱਚੀ ਹੋ ਜਾਂਦਾ ਹੈ)

**ਨੀਰਜ:** **(ਬਾਥਰੂਮ ਤੋਂ ਵਾਪਸ ਆ ਕੇ)** ਹੁਣ ਕਾਫੀ ਹਲਕਾ ਮਹਿਸੂਸ ਹੋ ਰਿਹਾ ਹੈ! ਮੇਰੇ ਦੋਸਤ ਇਹ ਲੋਕ ਖਾਣਾ ਕਦੋਂ ਪਰੋਸਣਗੇ? ਮੈਨੂੰ ਤਾਂ ਭੁੱਖ ਲੱਗੀ ਹੈ !

**ਪਰਮਿੰਦਰ:** ਮੈਨੂੰ ਲੱਗਦਾ ਹੈ.. ਜਲਦੀ ਹੀ ਪਰੋਸ ਦੇਣਗੇ !

**ਨੀਰਜ:** ਉਦੋਂ ਤੱਕ ਮੈਨੂੰ ਜਲਵਾਯੂ-ਬਦਲਾਅ ਬਾਰੇ ਕੁਝ ਹੋਰ ਸੁਣਾਓ।

**ਪਰਮਿੰਦਰ**: ਮੈਂ ਤੁਹਾਨੂੰ IPCC ਬਾਰੇ ਦੱਸ ਦਿੱਤਾ ਹੈ। ਇਕ ਹੋਰ ਮਹੱਤਵਪੂਰਨ ਗੱਲ ਹੈ - UNFCC ਭਾਵ ਯੁਨਾਈਟਿਡ ਨੇਸ਼ਨਜ਼ ਫਰੇਮਵਰਕ ਆਨ ਕਲਾਈਮੇਟ ਚੇਂਜ ਭਾਵ ਜਲਵਾਯੂ-ਤਬਦੀਲੀ ਸਬੰਧੀ ਸੰਯੁਕਤ ਰਾਸ਼ਟਰ ਕਨਵੈਂਸ਼ਨ। ਇਸ ਕਨਵੈਂਸ਼ਨ ਬਾਰੇ ਸੁਝਾਅ 1991 ਵਿਚ ਦਿੱਤਾ ਗਿਆ ਸੀ ਪਰੰਤੂ ਭਾਗੀਦਾਰ ਦੇਸ਼ਾਂ ਦੁਆਰਾ ਲੋੜੀਂਦੇ ਸਾਰੇ ਹਸਤਾਖਰ ਹੋਣ ਤੋਂ ਬਾਅਦ ਇਹ ਸੰਨ 1994 ਵਿਚ ਲਾਗੂ ਹੋਈ।

**ਨੀਰਜ**: ਲੱਗਦਾ ਹੈ ਕਿ ਹਸਤਾਖਰ ਕਾਫੀ ਜ਼ਰੂਰੀ ਹੁੰਦੇ ਨੇ!

**ਪਰਮਿੰਦਰ:** ਅਸਲ 'ਚ ਤੁਸੀਂ ਤਾਂ ਜਾਣਦੇ ਹੀ ਹੋ ਕਿ ਕਾਫੀ ਸਾਰੇ ਦੇਸ਼ ਨੇ .....ਤੇ ਸਭ ਦੇ ਆਪੋ-ਆਪਣੇ ਹਿੱਤ ਨੇ। ਪਰ ਕੋਈ ਚੀਜ਼ ਵਿਸ਼ਵ ਪੱਧਰ 'ਤੇ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਸਾਰਿਆਂ ਦੀ ਸਹਿਮਤੀ ਲੈਣੀ ਪੈਂਦੀ ਹੈ।

**ਨੀਰਜ:** ਕੀ ਸਭ ਨੇ ਇਸ ਦਸਤਾਵੇਜ਼ 'ਤੇ ਹਸਤਾਖਰ ਕਰ ਦਿੱਤੇ ਸਨ?

**ਪਰਮਿੰਦਰ:** ਪੰਜਾਹ ਦੇਸ਼ਾਂ ਦੁਆਰਾ ਹਸਤਾਖਰ ਕਰਨ ਉਪਰੰਤ ਇਹ ਫਰੇਮਵਰਕ ਲਾਗੂ ਹੋ ਗਿਆ। ਇਸ ਕਨਵੈਂਸ਼ਨ ਦੀਆਂ ਪਾਰਟੀਆਂ ਦੀ ਕਾਨਫਰੰਸ ਇਸ ਕਨਵੈਂਸ਼ਨ ਦੀ ਅੰਤਿਮ ਅਧਿਕਾਰਿਤ ਸੰਸਥਾ ਬਣ ਗਈ। ਇਨ੍ਹਾਂ ਨੂੰ ਸੰਖੇਪ ਵਿਚ COP (ਸੀ.ਓ.ਪੀ) ਕਹਿੰਦੇ ਨੇ। ਇਨ੍ਹਾਂ ਪਾਰਟੀਆਂ ਭਾਵ ਧਿਰਾਂ ਨੇ ਸੰਨ 1995 ਦੇ ਸ਼ੁਰੂ ਵਿਚ ਬਰਲਿਨ ਵਿਖੇ ਆਪਣਾ ਪਹਿਲਾ ਸੈਸ਼ਨ ਆਯੋਜਿਤ ਕੀਤਾ ਜਿਸ ਨੂੰ 'ਸੀ.ਓ.ਪੀ. ਵਨ' ਕਿਹਾ ਜਾਂਦਾ ਹੈ। ਉਦਯੋਗਿਕ ਵਿਕਾਸ ਕਰ ਚੁੱਕੇ ਦੇਸ਼ਾਂ ਦੁਆਰਾ ਨਿਭਾਏ ਜਾਣ ਵਾਲੇ ਵਾਅਦਿਆਂ ਦਾ ਇਕ ਦਸਤਾਵੇਜ਼ ਪਹਿਲਾਂ ਹੀ ਤਿਆਰ ਹੋ ਚੁੱਕਾ ਸੀ। ਇਸ ਕਨਵੈਂਸ਼ਨ ਦੀਆਂ ਧਿਰਾਂ ਦੀ ਸਹਿਮਤੀ ਬਣੀ ਕਿ ਇਹ ਵਾਅਦੇ ਨਾਕਾਫੀ ਸਨ ਅਤੇ ਹੋਰ ਵਾਅਦੇ ਕਰਵਾਉਣ ਲਈ ਉਨ੍ਹਾਂ ਨੇ "ਬਰਲਿਨ ਮੈਨਡੇਟ" ਸਬੰਧੀ ਵਿਚਾਰ-ਵਟਾਂਦਰਾ ਸ਼ੁਰੂ ਕੀਤਾ।

**ਨੀਰਜ:** ਮਤਲਬ COP ਮੀਟਿੰਗਾਂ ਹਾਲੇ ਤੱਕ ਚੱਲ ਰਹੀਆਂ ਹਨ?

**ਪਰਮਿੰਦਰ:** ਬਿਲਕੁਲ! ਪਰ ਮੈਨੂੰ COP-3 ਬਾਰੇ ਜ਼ਰੂਰ ਦੱਸਣਾ ਚਾਹੀਦਾ ਹੈ। ਇਹ ਕੋਇਟੋ, ਜਪਾਨ ਵਿੱਚ ਹੋਈ ਸੀ। COP-3 ਨੇ ਦਸੰਬਰ ਵਿੱਚ ਕੋਇਟੋ ਪ੍ਰੋਟੋਕੋਲ ਅਪਣਾਇਆ ਸੀ। ਕੋਇਟੋ ਪ੍ਰੋਟੋਕੋਲ ਨੇ ਉਦਯੋਗਿਕ ਦੇਸ਼ਾਂ ਲਈ ਕਾਨੂੰਨੀ ਤੌਰ 'ਤੇ ਜ਼ਰੂਰੀ ਵੱਖਰੇ-ਵੱਖਰੇ ਟੀਚੇ ਨਿਰਧਾਰਿਤ ਕੀਤੇ ਹਨ ਤਾਂ ਜੋ ਕਾਰਬਨ ਡਾਈਆਕਸਾਈਡ ਤੇ ਹੋਰ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਘਟਾਇਆ ਜਾ ਸਕੇ।

**ਨੀਰਜ:** ਕੀ ਇਹ COP ਕੇਵਲ ਇੱਕ ਕੱਲੀ-ਕਾਰੀ ਸੰਸਥਾ ਹੈ?

**ਪਰਮਿੰਦਰ:** ਹਾਂ ਇਹ ਇੱਕ ਇਕੱਲੀ ਸੰਸਥਾ ਹੈ ਪਰ ਇਸ ਦੀ ਮਦਦ ਕਰਨ ਲਈ ਹੋਰ ਉਪ ਸੰਸਥਾਵਾਂ ਵੀ ਹਨ ! ਇਸ ਕਨਵੈਂਸ਼ਨ ਨੇ ਦੋ ਸਥਾਈ ਉੱਪ-ਸੰਸਥਾਵਾਂ ਦੀ ਸਥਾਪਨਾ ਕੀਤੀ ਹੈ, ਇੱਕ ਹੈ -'ਵਿਗਿਆਨਕ ਤੇ ਤਕਨੀਕੀ ਸਲਾਹ ਲਈ ਉੱਪ-ਸੰਸਥਾ ਅਤੇ ਦੂਜੀ ਹੈ - 'ਲਾਗੂ ਕਰਨ ਲਈ ਉੱਪ-ਸੰਸਥਾ'। ਇਹ ਸੰਸਥਾਵਾਂ COP ਨੂੰ ਰਾਇ ਦਿੰਦੀਆਂ ਹਨ। ਇਨ੍ਹਾਂ ਸੰਸਥਾਵਾਂ ਦੀਆਂ ਆਪਣੀਆਂ ਮੀਟਿੰਗਾਂ ਨਿਯਮਿਤ ਤੌਰ 'ਤੇ ਹੁੰਦੀਆਂ ਹਨ।

**ਨੀਰਜ:** ਮੈਨੂੰ ਲੱਗਦਾ ਹੈ ਕਿ ਇੱਥੇ ਕੁਝ ਵਪਾਰਕ ਮੌਕੇ ਜ਼ਰੂਰ ਹਨ। ਮੈਨੂੰ ਇਹ ਦੱਸੋ ਕਿ ਇਸ ਦਾ ਮੁਖੀਆ ਕੌਣ ਹੈ?

**ਪਰਮਿੰਦਰ:** ਮੇਰਾ ਮੰਨਣਾ ਹੈ ਕਿ ਤੁਸੀਂ ਕਾਰਜਕਾਰੀ ਸਕੱਤਰ ਨੂੰ ਸੰਬੋਧਨ ਕਰੋ। ਸਕੱਤਰੇਤ ਦਾ ਸਬੰਧ ਸੰਯੁਕਤ ਰਾਸ਼ਟਰ ਸੰਘ ਨਾਲ ਹੈ। ਸੰਯੁਕਤ ਰਾਸ਼ਟਰ ਸੰਘ ਹੀ ਇਸ ਦਾ ਪ੍ਰਸ਼ਾਸ਼ਨ ਚਲਾਉਂਦਾ ਹੈ। ਜਿਵੇਂ ਕਿ ਮੈਂ ਦੱਸਿਆ, ਇਸ ਦਾ ਮੁਖੀ ਕਾਰਜਕਾਰੀ ਸਕੱਤਰ ਹੈ ਜਿਸ ਦੀ ਨਿਯੁਕਤੀ ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ-ਜਨਰਲ, ਦੁਆਰਾ COP ਦੀ ਰਾਇ ਨਾਲ ਕੀਤੀ ਜਾਂਦੀ ਹੈ।

**(ਖਾਣਾ ਆ ਜਾਂਦਾ ਹੈ। 'ਅੰਤ ਵਿੱਚ, ਖਾਣ ਲਈ ਖਾਣਾ! ਨੀਰਜ ਉਤਸ਼ਾਹਿਤ ਹੁੰਦਾ ਹੈ। ਉਹ ਹੋਸਟੈਸ ਦਾ ਧੰਨਵਾਦ ਕਰਦਾ ਹੈ, ਤੁਰੰਤ ਖਾਣਾ ਖਾਣ ਲੱਗ ਪੈਂਦਾ ਹੈ)**

**(ਤੁਹਾਨੂੰ ਪਤਾ ਹੈ ਇਹ ਏਅਰਲਾਇਨ ਆਪਣੇ ਪਕਵਾਨਾਂ ਲਈ ਜਾਣੀ ਜਾਂਦੀ ਹੈ! ਪਰਮਿੰਦਰ ਕਹਿੰਦਾ ਹੈ)**

**ਪਰਮਿੰਦਰ:** ਇਹ ਥੋੜਾ ਜਿਹਾ ਮਜ਼ਾਕੀਆ ਹੋ ਸਕਦਾ ਹੈ ਪਰ ਇਸ COP ਦੁਆਰਾ ਸਥਾਪਿਤ ਇੱਕ ਸਹਾਇਕ ਸੰਸਥਾ ਨੂੰ COW ਕਿਹਾ ਜਾਂਦਾ ਸੀ।

**ਨੀਰਜ:** ਚਲੋ ਕਰ ਲਓ ਮਜਾਕ ! ਇਨ੍ਹਾਂ ਦੀ ਮੈਨੂੰ ਆਦਤ ਹੋ ਗਈ ਹੈ।

**ਪਰਮਿੰਦਰ:** ਨਹੀਂ ਜੀ ਇਹ ਮਜਾਕ ਨਹੀਂ ! COP ਕੋਈ ਵੀ ਕੰਮ COW ਯਾਣੀ 'ਕਮੇਟੀ ਆਫ ਦੀ ਹੋਲ' ਨੂੰ ਸੌਂਪ ਸਕਦੀ ਹੈ। ਇਹ ਸਭ ਡੈਲੀਗੇਸ਼ਨਾਂ ਲਈ ਖੁੱਲ੍ਹੀ ਹੁੰਦੀ ਹੈ, ਸਮਝੌਤਾ-ਵਾਰਤਾਵਾਂ ਕਰਨ ਲਈ ਇਸਦਾ ਆਪਣਾ ਸਭਾਪਤੀ ਹੁੰਦਾ ਹੈ - ਜਿਸ ਨੇ ਆਪਣੇ ਕੰਮ-ਕਾਜ ਦੀ ਜਾਣਕਾਰੀ COP ਨੂੰ ਦੇਣੀ ਹੁੰਦੀ ਹੈ।

**ਨੀਰਜ:** ਪਰ ਪਰਮਿੰਦਰ, ਮੀਟਿੰਗਾਂ ਜਿੰਨੀਆਂ ਮਰਜ਼ੀ ਕਰ ਲਵੋ, ਲੋੜ ਇੱਕ ਖਾਸ ਮੁੱਦੇ ਨੂੰ ਹੱਲ ਕਰਨ ਦੀ ਹੁੰਦੀ ਹੈ। ਇਹ ਮੁੱਦਾ ਹੈ - ਤਕਨਾਲੌਜੀ। ਤੁਹਾਡੇ ਕੋਲ ਵਧੀਆ ਤੇ ਨਵੀਂ ਤਕਨਾਲੌਜੀ ਹੋਣੀ ਚਾਹੀਦੀ ਹੈ ਜੇਕਰ ਤੁਸੀਂ ਨੁਕਸਾਨ ਕਰਨ ਵਾਲੀਆਂ ਗੈਸਾਂ ਦਾ ਉਤਸਰਜਨ ਘੱਟ ਕਰਨਾ ਚਾਹੁੰਦੇ ਹੋ।

**ਪਰਮਿੰਦਰ:** ਸਹਿਮਤ ਹਾਂ। ਅਸਲ ਵਿਚ ਤਕਨਾਲੌਜੀ ਤਬਾਦਲੇ ਲਈ COP ਨੇ ਇਕ ਮਾਹਿਰ ਦਲ ਦੀ ਸਥਾਪਨਾ ਕੀਤੀ ਹੈ। ਇਸ ਦੀ ਸ਼ੁਰੂਆਤ ਸੰਨ 2001 ਵਾਲੀ COP-7 ਦੌਰਾਨ ਹੋਏ ਮੱਰਾਕੇਸ਼ ਸਮਝੌਤਿਆਂ ਦੁਆਰਾ ਹੋਈ ਸੀ। ਇਸ ਦਲ ਦਾ ਕੰਮ ਹੈ - ਕਨਵੈਂਸ਼ਨ ਦੇ ਅਧੀਨ ਵਾਤਾਵਰਨ ਪੱਖੀ ਤਕਨਾਲੌਜੀਆਂ ਦੇ ਤਬਾਦਲੇ ਲਈ ਵਿਗਿਆਨਕ ਅਤੇ ਤਕਨੀਕੀ ਸਲਾਹ ਦੇਣਾ। ਇਸ ਦਲ ਵਿਚ 20 ਮਾਹਰ ਹਨ ਜੋ ਕਿ ਸਾਰੇ ਖੇਤਰੀ ਦਲਾਂ ਦੀ ਨੁਮਾਇੰਦਗੀ ਕਰਦੇ ਹਨ।

**ਨੀਰਜ:** ਮੱਰਾਕੇਸ਼! ਸੁਣਨ ਵਿੱਚ ਕਾਫੀ ਵਧੀਆ ਲੱਗਦਾ ਹੈ।

**ਪਰਮਿੰਦਰ:** ਹਾਂ! ਇਸ ਸਮਝੌਤੇ ਰਾਹੀਂ ਇੱਕ ਹੋਰ ਬਹੁਤ ਮਹੱਤਵਪੂਰਨ ਸਮੂਹ ਦੀ ਸਥਾਪਨਾ ਕੀਤੀ ਗਈ ਸੀ। ਇਸ ਦਾ ਨਾਂ ਸੀ - ਲੀਸਟ ਡਿਵੈਲਪਡ ਕੰਟਰੀਜ਼ ਐਕਸਪਰਟ ਗਰੁੱਪ, ਜਿਸ ਦਾ ਛੋਟਾ ਰੂਪ ਹੈ - LEG। ਇਹ ਸਮੂਹ ਸਭ ਤੋਂ ਘੱਟ ਵਿਕਸਿਤ ਦੇਸ਼ਾਂ ਨੂੰ ਰਾਸ਼ਟਰੀ ਅਨੁਕੂਲਣ ਪ੍ਰੋਗਰਾਮ ਬਨਾਉਣ ਅਤੇ ਲਾਗੂ ਕਰਨ ਲਈ ਸਲਾਹ ਦਿੰਦਾ ਹੈ।

**(ਇੱਕ ਬਜ਼ੁਰਗ ਸੱਜਣ ਨੀਰਜ ਤੇ ਪਰਮਿੰਦਰ ਦੇ ਪਿੱਛੇ ਵਾਲੀ ਸੀਟ ਤੋਂ ਖੜ੍ਹੇ ਹੁੰਦੇ ਹਨ ਤੇ ਉਨ੍ਹਾਂ ਦੇ ਅੱਗੇ ਆ ਕੇ ਖੜ੍ਹੇ ਹੋ ਜਾਂਦੇ ਹਨ)**

**ਜਿਗਲਡ:** ਹੈਲੋ, ਮੇਰਾ ਨਾਂ ਜਿਗਲਡ ਜੋਹਨਸਨ ਹੈ। ਮੈਂ ਬੜੀ ਰੁਚੀ ਨਾਲ ਤੁਹਾਡੀ ਗੱਲ-ਬਾਤ ਸੁਣ ਰਿਹਾ ਸੀ। ਇਹ ਕਾਫੀ ਦਿਲਚਸਪ ਹੈ। ਅਸਲ ਵਿੱਚ ਮੈਂ COP ਦੀ ਬਿਊਰੋ ਵਿੱਚ ਕੁਝ ਸਮਾਂ ਕੰਮ ਕੀਤਾ ਹੈ।

**ਪਰਮਿੰਦਰ:** ਸਰ ਮੈਨੂੰ ਦੱਸੋ ਕਿ ਕੀ ਮੈਥੋਂ ਕੁਝ ਗਲਤ ਤਾਂ ਨਹੀਂ ਕਿਹਾ ਗਿਆ?

**ਜਿਗਲਡ:** ਨਹੀਂ, ਤੁਸੀਂ ਸਹੀ ਹੋ। ਤੁਸੀਂ ਪੂਰੀ ਪ੍ਰਕਿਰਿਆ ਦੀ ਇੱਕ ਬਹੁਤ ਸਾਫ ਤਸਵੀਰ ਪੇਸ਼ ਕੀਤੀ ਹੈ।

**ਨੀਰਜ:** ਯਾਨੀ ਤੁਹਾਡੇ ਕਹਿਣ ਦਾ ਮਤਲਬ ਹੈ ਕਿ ਮੇਰਾ ਸਾਥ ਵਧੀਆ ਹੈ?

**ਜਿਗਲਡ: (ਹੱਸਦਾ ਹੈ)** ਇਸ ਵਿੱਚ ਤਾਂ ਕੋਈ ਸ਼ੱਕ ਨਹੀਂ। ਮੇਰੀ ਤਾਂ ਕੇਵਲ ਇਹ ਇੱਛਾ ਹੈ ਕਿ ਪਰਮਿੰਦਰ, ਤੁਹਾਨੂੰ ਉਨ੍ਹਾਂ ਕੁਝ ਕਨਵੈਂਸ਼ਨਾਂ ਬਾਰੇ ਵੀ ਦੱਸਦੇ ਜੋ ਕਿ ਹੁਣ ਲਾਗੂ ਹਨ।

**ਪਰਮਿੰਦਰ:** ਤੁਹਾਡੇ ਕਹਿਣ ਦਾ ਮਤਲਬ ਹੈ - 'ਜੈਵ ਵਿਭਿੰਨਤਾ ਸਬੰਧੀ ਕਨਵੈਂਸ਼ਨ' ਵਰਗੀਆਂ ਕਨਵੈਂਸ਼ਨਾਂ?

**ਜਿਗਲਡ:** ਬਿਲਕੁਲ ਸਹੀ ਬੁੱਝਿਆ ! 'ਮਾਰੂਥਲੀਕਰਨ ਰੋਕਣ ਲਈ ਸੰਯੁਕਤ ਰਾਸ਼ਟਰ ਕਨਵੈਂਸ਼ਨ' ਵੀ।

**ਨੀਰਜ:** ਤੁਹਾਡਾ ਮਤਲਬ ਹੈ ਕਿ ਇਹ ਸਾਰੀਆਂ ਜਲਵਾਯੂ-ਬਦਲਾਅ ਦਾ ਸਾਹਮਣਾ ਕਰਨ ਦੇ ਉਦੇਸ਼ ਨਾਲ ਸਬੰਧਤ ਹਨ?

**ਜਿਗਲਡ:** ਬਿਲਕੁਲ। ਇਹ ਸਾਡੀ ਧਰਤੀ ਨੂੰ ਬਚਾਉਣ ਲਈ ਕੁੱਲ ਪ੍ਰਕਿਰਿਆ ਦਾ ਹਿੱਸਾ ਹਨ।

**ਨੀਰਜ:** ਮੇਰੀ ਇੱਛਾ ਹੈ ਕਿ ਮੈਂ ਤੁਹਾਡੇ ਤੋਂ ਹੋਰ ਜਾਣ ਸਕਦਾ।

**ਜਿਗਲਡ:** ਪਰ ਅਜੇ ਤੁਸੀਂ ਪੂਰਾ ਖਾਣਾ ਨਹੀਂ ਖਾਧਾ, ਤੇ ਇਸ ਤੋਂ ਪਹਿਲਾਂ ਕਿ ਹੋਸਟੈਸ ਮੈਨੂੰ ਜਾਣ ਲਈ ਕਹੇ, ਮੈਨੂੰ ਆਪਣੀ ਸੀਟ

ਤੇ ਜਾਣਾ ਚਾਹੀਦਾ ਹੈ। ਮੈਨੂੰ ਛੇਤੀ ਜਾਣ ਦਿਉ। ਮੈਂ ਸੁਣਦਾ ਰਹਾਂਗਾ।

**(ਜਿਗਲਡ ਚਲੇ ਜਾਂਦੇ ਹਨ)**

**ਨੀਰਜ:** ਚੰਗਾ ਭਰਾ! ਇਹ ਚੰਗੇ ਵਿਅਕਤੀ ਜਾਪੇ।

**ਪਰਮਿੰਦਰ:** ਬਿਲਕੁਲ। 'ਜੈਵ ਵਿਭਿੰਨਤਾ ਸਬੰਧੀ ਕਨਵੈਂਸ਼ਨ' ਅਤੇ 'ਮਾਰੂਥਲੀਕਰਨ ਰੋਕਣ ਲਈ ਸੰਯੁਕਤ ਰਾਸ਼ਟਰ ਕਨਵੈਂਸ਼ਨ' ਕਾਫੀ ਮਹੱਤਵਪੂਰਨ ਹਨ। ਇਨ੍ਹਾਂ ਤੋਂ ਬਿਨਾਂ ਇੱਕ ਹੋਰ ਕਨਵੈਂਸ਼ਨ ਵੀ ਹੈ। ਇਹ ਜਲਗਾਹਾਂ ਸਬੰਧੀ ਕਨਵੈਂਸ਼ਨ ਹੈ। ਇਹ ਸੰਨ 1971 ਵਿਚ ਇਰਾਨ ਵਿਚ ਰਾਮਸਰ ਨਾਂ ਦੇ ਸਥਾਨ 'ਤੇ ਹੋਈ ਸੀ। UNFCCC ਪ੍ਰਕਿਰਿਆ ਵਿਚ ਇਨ੍ਹਾਂ ਸਾਰੀਆਂ ਕਨਵੈਂਸ਼ਨਾਂ ਦੀ ਪੂਰੀ ਸ਼ਮੂਲੀਅਤ ਹੁੰਦੀ ਹੈ।

**ਨੀਰਜ:** ਸ਼ਾਨਦਾਰ ਭੋਜਨ ਦੇ ਨਾਲ-ਨਾਲ ਸ਼ਾਨਦਾਰ ਜਾਣਕਾਰੀ ਵੀ ਮਿਲੀ। ਹੁਣ ਮੈਂ ਅੱਖ ਲਾਉਣਾ ਚਾਹੁੰਦਾ ਹਾਂ ਕਿਉਂਕਿ ਜਹਾਜ਼ ਉੱਤਰਨ ਵਾਲਾ ਹੀ ਹੋਵੇਗਾ।

**ਪਰਮਿੰਦਰ:** ਸਰ ਠੀਕ ਹੈ, ਮੈਂ ਵੀ ਲਾ ਲੈਂਦਾ ਹਾਂ ਇੱਕ ਝਪਕੀ !

**(ਕੈਬਿਨ ਦਾ ਸੰਗੀਤ ਉੱਚੀ ਹੋ ਜਾਂਦਾ ਹੈ ਤੇ ਕੁਝ ਦੇਰ ਬਾਦ ਐਲਾਨ ਹੁੰਦਾ ਹੈ !)**

ਨਮਸਕਾਰ ਯਾਤਰੀ ਕਿਰਪਾ ਧਿਆਨ ਦੇਣ ! ਮੈਂ ਕੈਪਟਨ ਬੋਲ ਰਿਹਾ ਹਾਂ। ਅਸੀਂ ਇਸ ਵੇਲੇ 33,000 ਫੁੱਟ ਦੀ ਉੱਚਾਈ 'ਤੇ 400 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਸਫ਼ਰ ਕਰ ਰਹੇ ਹਾਂ। ਮੌਸਮ ਸਾਫ ਲੱਗ ਰਿਹਾ ਹੈ ਤੇ ਟੇਲਵਿੰਡ ਸਾਡੇ ਪਾਸੇ ਹੋਣ ਕਾਰਨ ਸਾਨੂੰ ਉਮੀਦ ਹੈ ਕਿ ਅਸੀਂ ਨਿਰਧਾਰਿਤ ਸਮੇਂ ਤੋਂ 15 ਮਿੰਟ ਪਹਿਲਾਂ ਦੋਹਾ ਵਿੱਚ ਉੱਤਰ ਜਾਵਾਂਗੇ।

**(ਸੰਗੀਤ ਤੇਜ਼ ਹੁੰਦਾ ਹੈ ਤੇ ਹੌਲੀ-ਹੌਲੀ ਬੰਦ ਹੋ ਜਾਂਦਾ ਹੈ)**

***-ਸਮਾਪਤ-***

ਪ੍ਰਸਨ:

**ਪ੍ਰਸ਼ਨ-1 ਸਾਲ 2007 ਵਿੱਚ ਸ਼ਾਂਤੀ ਨੋਬਲ ਪੁਰਸਕਾਰ ਕਿਸ ਨੂੰ ਮਿਲਿਆ ?**

ਉੱਤਰ- ਜਲਵਾਯੂ ਬਦਲਾਅ ਬਾਬਤ ਅੰਤਰ ਸਰਕਾਰਾਂ ਦਲ ( ਆਈ ਪੀ ਸੀ ਸੀ ) ਨੂੰ !

**ਪ੍ਰਸ਼ਨ 2 ਜਲਵਾਯੂ ਬਦਲਾਅ ਬਾਬਤ ਸੱਭ ਤੋਂ ਪਹਿਲਾ ਯਤਨ ਸੰਸਾਰ ਪੱਧਰ 'ਤੇ ਕਦ ਹੋਇਆ ?**

**ਉੱਤਰ:** ਸਭ ਤੋਂ ਪਹਿਲੀ ਸੰਸਾਰ-ਜਲਵਾਯੂ-ਕਾਨਫਰੰਸ 1979 ਵਿੱਚ ਹੋਈ ਸੀ !